ਅਕਤੂਬਰ-2011

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ



ਭਾਅ ਜੀ ਨੂੰ ਸਲਾਮ !

## ਜੰਗੀ ਆਰਥਿਕਤਾ 'ਚ ਲੋਕਾਂ ਦੀ ਸਥਿਤੀ ਦਾ ਸਵਾਲ ਜੋ ਜਵਾਬ ਮੰਗਦਾ ਹੈ



# ਆਓ ਆਪਣਾ ਫਰਜ਼ ਪਹਿਚਾਣੀਏ

- ਦੁਨੀਆ ਦੇ ਪੈਮਾਨੇ 'ਤੇ ਵਾਪਰ ਰਹੇ ਘਟਨਾਕ੍ਰਮ ਨੂੰ ਸਹੀ ਸੰਦਰਭ ਵਿਚ ਸਮਝੀਏ ਹੋਏ ਨਵੇਂ ਸਮਾਜ ਦੀ ਤਲਾਸ਼ ਵਿਚ ਆਪਣੇ ਆਪ ਨੂੰ ਸ਼ਾਮਲ ਕਰੀਏ।
- ਆਪਣੇ ਜਿਸ ਵੀ ਸਮਾਜ ਵਿਚ ਵਿਚਰ ਰਹੇ ਹਾਂ ਉਸ ਵਿਚਲੇ ਟਕਰਾਵਾਂ ਨੂੰ ਸਮਝੀਏ ਅਤੇ ਉਨ੍ਹਾਂ ਨੂੰ ਘਟਾਉਣ ਅਤੇ ਬਦਲਣ ਵਿਚ ਆਪਣਾ ਯੋਗਦਾਨ ਪਾਈਏ।
- ਮਾਨਵੀ ਗਿਆਨ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਜਮਾਤੀ ਸਮਾਜ ਦੇ ਬਹੁਪੱਖੀ ਵਿਕਾਸ ਨੂੰ ਸਮਝਦਾ ਹੈ ਉਸ ਵਿਚ ਤਬਦੀਲੀ ਲਈ ਕਾਰਜਸ਼ੀਲ ਹੁੰਦਾ ਹੈ।
- ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਚਾਰੂ ਬਣਾਉਣ ਲਈ ਮਿਲੀਆਂ ਸਹੂਲਤਾਂ ਪ੍ਰਤੀ ਚੇਤਨ ਹੋਈਏ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਵਿਚ ਸ਼ਾਮਲ ਹੋਈਏ ਅਤੇ ਪਹਿਰੇਦਾਰੀ ਕਰੀਏ।
- ਸਮੇਂ ਸਮੇਂ 'ਤੇ ਵਾਪਰਦੀਆਂ ਘਟਨਾਵਾਂ ਉਪਰ ਆਪਣੀ ਆਵਾਜ਼, ਕਲਮ ਅਤੇ ਸੋਚ ਨੂੰ ਪ੍ਰਚੰਡ ਕਰੀਏ ਅਤੇ ਜਨ ਸਮੂਹ ਨੂੰ ਜਥੇਬੰਦਕ ਕਰਨ ਵਿਚ ਆਪਣੀ ਜ਼ਿੰਮੇਵਾਰੀ ਇਕੱਠੇ ਹੋ ਕੇ ਨਿਭਾਈਏ।
- ਆਪਣੀ ਸੋਝੀ ਨੂੰ ਪ੍ਰਚੰਡ ਕਰਨ ਲਈ ਕਿਸੇ ਨਾ ਕਿਸੇ ਸੰਘਰਸ਼ ਦਾ ਹਿੱਸਾ ਬਣੀਏ ਅਤੇ ਆਪਣੀ ਨੇਕ ਕਮਾਈ ਵਿਚੋਂ ਉਸ ਵਿਚ ਆਪਣਾ ਯੋਗਦਾਨ ਪਾਈਏ ਅਤੇ ਇਸ ਨਾਲ ਇਕ ਨਵੇਂ ਰੌਸ਼ਨ ਭਵਿੱਖ ਲਈ ਕਾਰਜ ਕਰਨ ਵਿਚ ਆਪਣਾ ਹਿੱਸਾ ਸਮਝੀਏ।

**ਆਓ ਸੋਚੀਏ, ਜਥੇਬੰਦ ਹੋਈਏ ਤੇ ਸੰਘਰਸ਼ਾਂ 'ਚ ਸਹੀ ਸਮਝਦਾਰੀ ਸ਼ਾਮਲ ਕਰੀਏ।**

# ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 3, ਅਕਤੂਬਰ 2011



ਸੰਪਾਦਕ ਮੰਡਲ

(ਆਨਰੇਰੀ)

ਦਵਿੰਦਰ ਤੂਰ

ਹਰਬੰਸ ਸਿੰਘ

ਸੁਖਵਿੰਦਰ ਸਿੰਘ ਢਿੱਲੋਂ

ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ

ਕੁਲਦੀਪ ਸਿੰਘ

ਬਲਜਿੰਦਰ ਸਿੰਘ

ਗ੍ਰਾਫਿਕਸ ਡਿਜ਼ਾਇਨਰ

ਬੀ. ਸਿੰਘ

akashdeep.1064@gmail.com

ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



**Head Office**

Pro-People Arts Project Media Group
SAROKARAN DI AWAZ
29 MAPLEVIWE AVE
BRAMPTON ONTARIO
CANADA L6R 1M2
416-902-9372
416-817-7142
416-895-4100
E-Mail : ppapmg@gmail.com


## ਸੰਪਾਦਕੀ

# ਆਓ ਬਦਲਾਅ ਦੇ ਪਹਿਲੂਆਂ 'ਤੇ ਸੋਚੀਏ

ਇਤਿਹਾਸ ਵਾਰ ਵਾਰ ਆਪਣੇ ਆਪ ਨੂੰ ਪ੍ਰੀਭਾਸ਼ਤ ਕਰਦਾ ਹੈ। ਹਰੇਕ ਪ੍ਰੀਭਾਸ਼ਾ ਪਿਛੇ ਕੋਈ ਨਾ ਕੋਈ ਪ੍ਰਬੰਧ ਨੂੰ ਸਥਾਪਤ ਕਰਨ ਲਈ ਜਾਂ ਉਸ ਨੂੰ ਬਦਲਣ ਲਈ ਵਿਚਾਰਧਾਰਕ ਦਲੀਲ ਘੜੀ ਜਾਂਦੀ ਹੈ। ਪਿਛਲੀਂ 20ਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਇਤਿਹਾਸ ਨੂੰ ਨਵਾਂ ਰੁਖ ਦੇਣ ਲਈ ਵੱਖ ਵੱਖ ਵਿਚਾਰਧਾਰਾਵਾਂ ਨੇ ਆਪਣਾ ਅਮਲੀ ਰੂਪ ਲੋਕਾਂ ਸਾਹਮਣੇ ਪੇਸ਼ ਕੀਤਾ ਅਤੇ ਅਜਿਹੇ ਇਤਿਹਾਸ ਸਿਰਜੇ ਕਿ ਇਕ ਵਾਰੀ ਇੰਝ ਜਾਪਣ ਲੱਗ ਗਿਆ ਸੀ ਕਿ ਸ਼ਾਇਦ ਸਾਮਰਾਜ ਹੁਣ ਕਦੇ ਵੀ ਉਭਰ ਨਹੀਂ ਸਕੇਗਾ ਪ੍ਰੰਤੂ ਦੂਸਰੀ ਸੰਸਾਰ ਜੰਗ ਤੋਂ ਬਾਅਦ ਜੰਗੀ ਆਰਥਿਕਤਾ ਨੂੰ ਕੇਂਦਰਬਿੰਦੂ ਬਣਾ ਕੇ ਵਿਕਸਿਤ ਹੋਇਆ ਮੁਲਕ ਅਮਰੀਕਾ ਦੁਨੀਆ ਦੇ ਪੈਮਾਨੇ 'ਤੇ ਆਪਣੇ ਕਿਸਮ ਦੀ ਚੌਧਰ ਸਥਾਪਤ ਕਰਨ ਵਿਚ ਕਾਮਯਾਬ ਰਿਹਾ। ਸਦੀ ਦੇ ਅੰਤਲੇ ਵਰ੍ਹਿਆਂ 'ਚ ਲੋਕਾਂ ਦੇ ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਵਾਲਾ ਇਕ ਮਾਡਲ ਵੀ ਢਹਿ-ਢੇਰੀ ਹੋ ਗਿਆ। ਉਸ ਉਪਰੰਤ ਦਲੀਲਾਂ ਇੰਝ ਘੜੀਆਂ ਜਾਣ ਲੱਗੀਆਂ ਕਿ ਪੂੰਜੀਵਾਦ ਦੁਨੀਆ ਦੇ ਸਮੁੱਚੇ ਆਰਥਿਕ, ਸਭਿਆਚਾਰਕ, ਸਮਾਜਿਕ, ਵਿਚਾਰਧਾਰਕ ਅਤੇ ਰਾਜਨੀਤਕ ਖੇਤਰ ਵਿਚ ਅਜਿਹੀ ਤਾਕਤ ਬਣ ਗਈ ਹੈ ਜਿਸ ਤੋਂ ਦੁਨੀਆ ਦਾ ਕੋਈ ਵੀ ਕੋਨਾ ਖਾਲੀ ਨਹੀਂ ਰਹਿ ਸਕਦਾ। ਇਥੋਂ ਤੱਕ ਕਿ ਇਸ ਨੇ ਹਰੇਕ ਅਦਾਰੇ ਨੂੰ ਆਪਣੀ ਮੰਡੀ ਦਾ ਹਿੱਸਾ ਬਣਾ ਲਿਆ ਹੈ। ਪ੍ਰੰਤੂ ਇਸ ਖਿਆਲੀ ਤੇ ਮ੍ਰਿਗ-ਤ੍ਰਿਸ਼ਨਾ ਕਿਸਮ ਦੀ ਸਮਝਦਾਰੀ ਦਾ ਜ਼ਨਾਜਾ ਛੇਤੀ ਹੀ 21ਵੀਂ ਸਦੀ ਜਿਸ ਨੂੰ ਵਿਗਿਆਨ, ਆਧੁਨਿਕਤਾ ਤੇ ਤਕਨਾਲੋਜੀ ਦੀ ਸਦੀ ਕਹਿਣਾ ਸ਼ੁਰੂ ਕੀਤਾ, ਵਿਚ ਨਿਕਲਣਾ ਸ਼ੁਰੂ ਹੋ ਗਿਆ। ਦੁਨੀਆ ਦਾ ਕੋਈ ਵੀ ਕੋਨਾ ਇਸ ਵੇਲੇ ਆਰਥਿਕ, ਰਾਜਨੀਤਕ ਤੇ ਸਮਾਜਿਕ ਬਦਲਵੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਸੰਗ ਭੂਜਦਾ ਹੋਇਆ ਆਪਣੇ ਕਿਸਮ ਦਾ ਇਤਿਹਾਸ ਸਿਰਜ ਰਿਹਾ ਹੈ। ਇਸ ਕਿਸਮ ਦੀ ਬਦਲਾਅ ਵਾਲੀ ਸਥਿਤੀ ਇਤਿਹਾਸ ਵਿਚ ਕਦੇ ਵੀ ਨਹੀਂ ਵਾਪਰੀ। ਇੰਝ ਜ਼ਰੂਰ ਹੋਇਆ ਹੈ ਕਿ ਕੁਝ ਟੁਕੜਿਆਂ ਵਿਚ ਘਟਨਾਵਾਂ, ਵਰਤਾਰੇ ਅਤੇ ਤਬਦੀਲੀਆਂ ਹੁੰਦੀਆਂ ਰਹੀਆਂ ਹਨ ਪ੍ਰੰਤੂ ਜਿਸ ਕਦਰ ਪੂੰਜੀਵਾਦ ਦਾ ਸੰਕਟ ਗੰਭੀਰ ਹੋ ਚੁੱਕਾ ਹੈ ਉਸ ਕਦਰ ਬਦਲਾਅ ਵਾਲੀ ਵਿਚਾਰਧਾਰਕ ਸੋਝੀ ਅਤੇ ਸਮਝ ਅਜੇ ਵੀ ਜਨ ਸਮੂਹ ਅੱਗੇ ਬਦਲਵੇਂ ਮਾਡਲ ਦਾ ਬਿੰਬ ਉਸਾਰਨ ਵਿਚ ਪਿਛੇ ਰਹਿ ਰਹੀ ਹੈ। ਸੋ ਇਤਿਹਾਸ ਦੇ ਇਸ ਮੌਕਾ ਮੇਲ ਨੂੰ ਸਮਝ ਕੇ ਮਾਨਵਤਾ ਦੇ ਪੱਖ ਵਿਚ ਸਮੁੱਚੇ ਕੁਦਰਤੀ ਸਰੋਤਾਂ, ਵਿਚਾਰਾਂ, ਸਮਝਦਾਰੀਆਂ ਨੂੰ ਇਕ ਘੜੀ ਵਿਚ ਪਰੋਣ ਦੀ ਜ਼ਰੂਰਤ ਹੈ। ਧਰਤੀ 'ਤੇ ਸਵਰਗ ਉਸਾਰਨ ਵਾਲੇ ਕਿਰਤੀਆਂ ਦੇ ਸੁਪਨਿਆਂ ਨੂੰ ਬੂਰ ਲਗਾਉਣ ਲਈ ਉਨ੍ਹਾਂ ਅੰਦਰ ਇਕ ਨਵੀਂ ਸੋਝੀ ਦੇਸ਼, ਕੌਮ, ਰਾਜ, ਨਸਲ, ਭਾਸ਼ਾ, ਸਭਿਆਚਾਰ ਅਤੇ ਖੇਤਰੀਵਾਦ ਤੋਂ ਉਪਰ ਉਠ ਕੇ ਸਮੁੱਚੇ ਦਰਦਾਂ ਨੂੰ ਖਤਮ ਕਰਨ ਲਈ ਕਾਰਜ ਕਰਨ ਵੱਲ ਵਧਣ ਦੀ ਜ਼ਰੂਰਤ ਹੈ।

# 2011 ਪ੍ਰੋਵੈਂਸ਼ਨਲ ਚੋਣਾਂ




ਚੋਣਾਂ ਦੇ ਸਮੇਂ ਵਿਚ ਅਕਸਰ ਹਰੇਕ ਉਮੀਦਵਾਰ ਇੰਝ ਆਪਣੇ ਆਪ ਨੂੰ ਪੇਸ਼ ਕਰਦਾ ਹੈ ਕਿ ਉਹ ਲੋਕਾਂ ਦਾ ਸੱਚਾ ਮਿੱਤਰ ਹੈ ਅਤੇ ਆਪਣੇ ਖਚਰੇ ਹਾਸੇ ਰਾਹੀਂ ਕਈ ਕਿਸਮ ਦੇ ਨਾ ਮੁਕਣ ਵਾਲੇ ਵਾਅਦੇ ਲੋਕਾਂ ਨਾਲ ਕਰਦਾ ਹੈ।ਹਰੇਕ ਉਮੀਦਵਾਰ ਆਪਣੇ ਆਪ ਨੂੰ ਲੋਕਾਂ ਦੇ ਹਰੇਕ ਪਹਿਲੂ ਤੋਂ ਉਨ੍ਹਾਂ ਨੂੰ ਆਜ਼ਾਦ ਕਰਵਾਉਣ ਦਾ ਬੀੜਾ ਆਪਣੇ 'ਤੇ ਚੁੱਕਿਆ ਹੋਇਆ ਮਹਿਸੂਸ ਕਰਦਾ ਹੈ।ਇਸ ਕਿਸਮ ਦਾ ਡਰਾਮਾ ਇਕ ਵਾਰੀ ਨਹੀਂ ਬਲਕਿ ਵਾਰ ਵਾਰ ਦੁਹਰਾਇਆ ਜਾਂਦਾ ਹੈ। ਇਨ੍ਹਾਂ ਡਰਾਮਿਆਂ ਵਿਚ ਮਜ਼ਦੂਰ ਜਮਾਤ ਨੂੰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਰੋਜ਼ਮਰਾ ਜੀਵਨ ਵਿਚ ਵੱਧ ਰਹੇ ਟੈਕਸਾਂ ਨੂੰ ਘਟਾਇਆ ਜਾਵੇਗਾ। ਉਨ੍ਹਾਂ ਲਈ ਸਰਕਾਰੀ ਸਹੂਲਤਾਂ ਵਿਕਸਿਤ ਕੀਤੀਆਂ ਜਾਣਗੀਆਂ। ਉਨ੍ਹਾਂ ਦੀ ਸਿਹਤ ਅਤੇ ਸਿੱਖਿਆ ਦਾ ਪ੍ਰਬੰਧ ਬੜਾ ਵਧੀਆ ਜਾਵੇਗਾ ਜਿਸ ਵਿਚ ਲੋਕਾਂ ਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਹੋਏਗੀ।ਅਸੀਂ ਸਾਰੇ ਇਨ੍ਹਾਂ ਉਮੀਦਵਾਰਾਂ ਤੋਂ ਲਗਾਤਾਰ ਸੁਣਦੇ ਆ ਰਹੇ ਹਨ।ਜਿਨ੍ਹਾਂ ਦੀ ਗਿਣਤੀ ਇਸ ਵੇਲੇ 656 ਹੈ।

ਰਾਜਨੀਤਕ ਖੇਡ ਜਗਤ ਵਿਚ ਹਰੇਕ ਵੇਰੀ ਸੰਜੀਦਾ ਕਿਸਮ ਦੇ ਮਨਾਂ 'ਤੇ ਕਈ ਕਿਸਮ ਦੇ ਸਵਾਲ ਉਤਪੰਨ ਹੋਣੇ ਸ਼ੁਰੂ ਹੋ ਜਾਂਦੇ ਹਨ ਕਿ ਕੈਨੇਡਾ ਦੀਆਂ ਤਿੰਨ ਪ੍ਰਮੁੱਖ ਪਾਰਟੀਆਂ ਕਿਸ ਪੱਧਰ 'ਤੇ ਲੋਕਾਂ ਦੇ ਅਸਲੀ ਮਸਲੇ ਨੂੰ ਸੰਬੋਧਤ ਹੁੰਦੀਆਂ ਹਨ ਅਤੇ ਉਸ ਨੂੰ ਹੱਲ ਕਰਨ ਲਈ ਪਹਿਲ ਕਦਮੀ ਕਰਦੀਆਂ ਹਨ। ਪਰ ਤੱਤ ਰੂਪ ਵਿਚ ਸੱਤਾ ਹਥਿਆ ਲੈਣ ਤੋਂ ਬਾਅਦ ਇਨ੍ਹਾਂ ਦਾ ਰੁਖ ਤਾਕਤ ਅਤੇ ਪੈਸੇ ਵਾਲੀਆਂ ਤਾਕਤਾਂ ਵੱਲ ਹੋ ਜਾਂਦਾ ਹੈ। ਆਪਣੀ ਤਾਜ਼ਪੋਸ਼ੀ ਵਾਲੇ ਦਿਨ ਤੋਂ ਹੀ ਸੱਤਾ ਹਾਸਲ ਕਰਦਿਆਂ ਹੀ ਸਾਰੇ ਲੋਕਾਂ ਦੇ ਵਾਅਦੇ ਪਰ੍ਹੇ ਵਗਾਹ ਮਾਰੇ ਜਾਂਦੇ ਹਨ ਅਤੇ ਸੱਤਾ ਤੇ ਪੂੰਜੀ ਦਾ ਸੁਮੇਲ ਬਣਾ ਲਿਆ ਜਾਂਦਾ ਹੈ।

ਇੱਥੇ ਜਦੋਂ ਅਸੀਂ ਵੱਖ ਵੱਖ ਪਾਰਟੀਆਂ ਦਾ ਵਿਸ਼ਲੇਸ਼ਣ ਕਰਦੇ ਹਾਂ ਜਿਨ੍ਹਾਂ ਵਿਚ ਐਂਟਾਰੀਓ ਲਿਬਰਨ ਪਾਰਟੀ ਜਿਹੜੀ ਮੁੱਖ ਤੌਰ 'ਤੇ ਆਪਣੇ ਆਪ ਨੂੰ ਲੋਕਾਂ ਦੇ ਏਜੰਡੇ ਨੂੰ ਉਭਾਰਨ ਵਾਲੀ ਸਮਝਦੀ ਹੈ।ਪ੍ਰੰਤੂ ਇਸ ਦਾ ਸਮੁੱਚਾ ਇਤਿਹਾਸ ਵੱਡੇ ਕਾਰਪੋਰੇਟ ਘਰਾਣੇ ਤੇ ਅਮੀਰ ਲੈਂਡ ਡਿਵੈਲਪਰ ਨਾਲ ਭਰਿਆ ਪਿਆ ਹੈ।ਜਦੋਂ 1985 ਵਿਚ 42 ਸਾਲਾ ਟੋਰੀ ਰਾਜ ਨੂੰ ਲਾਹ ਕੇ ਐਂਟਾਰੀਓ ਦੀ ਸੱਤਾ ਹਾਸਲ ਕੀਤੀ ਸੀ ਉਸ ਸਮੇਂ ਬੜੀ ਤੇਜ਼ੀ ਨਾਲ ਇਨ੍ਹਾਂ ਨੇ ਵੀ ਐਂਟਾਰੀਓ ਨਿਵਾਸੀਆਂ ਦੇ ਮਸਲੇ ਛੇਤੀ ਹੀ ਪਰ੍ਹੇ ਵਗਾ ਮਾਰੇ ਸਨ ਅਤੇ ਇਨ੍ਹਾਂ ਦੀ ਪਾਰਟੀ ਦੇ ਸਭ ਤੋਂ ਵੱਡਾ ਲੀਡਰ ਡੇਵਿਡ ਪੀਟਰਸਨ ਨੇ ਕਿੰਨੇ ਹੀ ਵੱਡੇ ਘਰਾਣਿਆਂ ਨੂੰ ਸਥਾਪਤ ਕੀਤਾ ਅਤੇ ਉਨ੍ਹਾਂ ਨਾਲ ਸਮਝੌਤੇ ਕੀਤੇ।ਇਥੋਂ ਤੱਕ ਕਿ ਡੇਵਿਡ ਪੀਟਰਸਨ ਨੇ ਆਪਣੇ ਸਹੁਰੇ ਨੂੰ ਵੀ ਕਈ ਮਿਲੀਅਨ ਇਸ ਪ੍ਰਕਿਰਿਆ ਲਾਭ ਪਹੁੰਚਾਇਆ। ਇਸ ਪ੍ਰਕਿਰਿਆ ਦੇ ਸਭ ਤੋਂ ਵੱਡੇ ਸਕੈਂਡਲ ਨੂੰ ਪਾਟੀ ਸਟਾਰ ਅਫੇਅਰ (patti Starr Affair) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਾਟੀ ਸਟਾਰ ਲਿਬਰਲ ਦਾ ਉਹ ਸਭ ਤੋਂ ਵੱਡਾ ਫੰਡ ਇਕੱਤਰ ਕਰਨ ਵਾਲਾ ਵਿਅਕਤੀ ਸੀ ਜਿਸ ਦੇ ਬੜੇ ਵੱਡੇ ਅਮੀਰ ਘਰਾਣਿਆਂ ਅਤੇ ਹਾਊਸਿੰਗ ਕੰਪਨੀਆਂ ਨਾਲ ਨੇੜ ਦੇ ਸਬੰਧ ਸਨ।ਸੰਨ 1985, 1988 ਤੇ 1989 ਬਜਟਾਂ ਵਿਚ ਨਿੱਜੀ ਇਨਕਮ ਟੈਕਸ, ਪੇਰੋਲ ਟੈਕਸ ਤੇ ਪੀ ਐਸ ਟੀਤੇਜ਼ੀ ਨਾਲ ਵਧੇ ਇਨ੍ਹਾਂ ਨੇ ਪਹਿਲਾਂ ਹੀ ਆਪਣੀਆਂ ਬੁਨਿਆਦੀ ਲੋੜਾਂ ਨਾਲ ਸੰਘਰਸ਼ ਕਰ

ਰਹੇ ਲੋਕਾਂ ਦੇ ਜੀਵਨ ਜਾਚ ਉਪਰ ਗਹਿਰਾ ਅਸਰ ਪਾਇਆ। ਲਿਬਰਲ ਪਾਰਟੀ ਦੇ ਸੰਚਾਲਕਾਂ ਅਤੇ ਉਨ੍ਹਾਂ ਦੇ ਲੀਡਰਾਂ ਨੇ ਬੜੀ ਅਯਾਸ਼ੀ ਵਾਲੀ ਜੀਵਨ ਜਾਚ ਨੂੰ ਚੋਣਾਂ ਤੋਂ ਬਾਅਦ ਆਪਣਾ ਹਿੱਸਾ ਬਣਾਇਆ।

ਨਿਊ ਡੈਮੋਕਰੇਟਿਕ ਪਾਰਟੀ ਜਿਹੜੀ 1990 ਵਿਚ ਐਂਟਾਰੀਓ ਵਿਚ ਸੱਤਾ ਉਪਰ ਕਾਬਜ਼ ਹੋਈ। ਇਸ ਕੋਲ ਤੱਤ ਰੂਪ ਵਿਚ ਕੋਈ ਵੀ ਕਿਸੇ ਕਿਸਮ ਦਾ ਏਜੰਡਾ ਨਹੀਂ ਸੀ। ਇਥੋਂ ਤੱਕ ਕਿ ਇਸ ਨੇ ਆਪਣੀ ਕੋਈ ਵੀ ਲੋਕਾਂ ਲਈ ਅਮਲੀ ਯੋਜਨਾ ਦਾ ਖਾਕਾ ਪੇਸ਼ ਨਹੀਂ ਸੀ ਕੀਤਾ। ਪ੍ਰੰਤੂ ਐਂਟਾਰੀਓ ਨਿਵਾਸੀਆਂ ਨਾਲ ਇਹ ਸਿਰਫ਼ ਇਕੋ ਹੀ ਵਾਅਦਾ ਕੀਤਾ ਕਿ ਉਹ ਪਬਲਿਕ ਆਟੋ ਇੰਸ਼ੋਰੈਂਸ ਸਿਸਟਮ ਸਥਾਪਤ ਕਰਨਗੇ। ਪ੍ਰੰਤੂ ਹੋਇਆ ਇਹ ਕਿ ਜਿਉਂ ਹੀ ਨਿਊ ਡੈਮੋਕਰੇਟਿਕ ਪਾਰਟੀ ਨੇ ਸੱਤਾ ਹਾਸਲ ਕੀਤੀ ਉਨ੍ਹਾਂ ਨੇ ਇਹ ਵਾਅਦਾ ਵੀ ਤੋੜ ਦਿੱਤਾ। ਅਸਲ ਵਿਚ ਬੌਬ ਰਾਏ ਦਾ ਚਿਹਰਾ ਮੋਹਰਾ ਤੇ ਨੀਤੀਆਂ ਇੰਗਲੈਂਡ ਦੇ ਟੋਨੀ ਪਲੇਅਰ ਨਾਲ ਮਿਲਦੀਆਂ ਸੀ। ਜਿਸ ਨੂੰ ਉਹ ਸਮਾਜਿਕ ਸਮਝੌਤਿਆਂ ਦਾ ਨਾਂ ਦਿੰਦਾ ਸੀ ਅਤੇ ਆਪਣੇ ਆਪ ਨੂੰ ਮਜ਼ਦੂਰ ਜਮਾਤ ਦੀ ਲਹਿਰ ਦਾ ਅੰਗ ਸਮਝਦਾ ਸੀ। ਪ੍ਰੰਤੂ ਕਈ ਸਾਲ ਉਸ ਨੇ ਆਪਣਾ ਵੋਟਰਾਂ ਨਾਲ ਕੋਈ ਵੀ ਅਮਲੀ ਤੌਰ 'ਤੇ ਵਾਅਦਾ ਪੂਰਾ ਨਾ ਨਿਭਾਇਆ। ਹੁਣ ਫਿਰ ਨਿਊ ਡੈਮੋਕਰੇਟਿਕ ਪਾਰਟੀ ਲੋਕਾਂ ਅੱਗੇ ਦੁਬਾਰਾ ਉਨ੍ਹਾਂ ਨੂੰ ਮੂਰਖ ਬਣਾਉਣ ਲਈ ਆਈ ਹੈ।

ਕੰਜਰਵੇਟਿਵਜ਼ ਨੇ 1995 ਵਿਚ ਮੁੜ ਤਾਕਤ ਹਾਸਲ ਕੀਤੀ ਸੀ। ਇਸ ਪਾਰਟੀ ਦੇ ਪ੍ਰਮੁੱਖ ਲੀਡਰ ਮਿਕ ਹਾਰਿਸ ਨੇ ਪ੍ਰਮੁੱਖ ਏਜੰਡਾ ਇਹ ਬਣਾਇਆ ਸੀ ਕਿ ਪਾਰਟੀ ਦੇ ਵਿੱਤ ਨੂੰ ਤਾਕਤਵਾਰ ਕਰਨਾ ਸੀ ਅਤੇ ਲੋਕਾਂ ਦੇ ਵਿੱਤਾਂ ਨੂੰ ਕਮਜ਼ੋਰ ਕੀਤਾ ਸੀ। ਇਸ ਪਾਰਟੀ ਨੇ ਵੱਡੇ ਬਿਜਨਿਸ ਘਰਾਣਿਆਂ ਨਾਲ ਗਠਜੋੜ ਬਿਲ ਫਰਲੀਗਰਜ਼ ਨਾਲ ਜੁੜ ਕੇ ਕੀਤਾ ਸੀ। ਜਿਹੜਾ ਪਾਰਟੀ ਦਾ ਅੰਦਰੂਨੀ ਵੱਡਾ ਕਰਿੰਦਾ ਸੀ ਮੁੜ ਐਂਟਾਰੀਓ ਹਾਈਡਰੋ ਦਾ ਮੁਖੀ ਬਣਿਆ। ਬਿਲ ਫਰਲੀਗਰਜ਼ ਉਹ ਮੁੱਖ ਕੜੀ ਸੀ ਜਿਸ ਨੇ ਐਂਟਾਰੀਓ ਹਾਈਡਰੋ ਨੂੰ ਨਿੱਜੀ ਹੱਥਾਂ ਵਿਚ ਦੇਣ ਦੀ ਪ੍ਰਕਿਰਿਆ ਕੀਤੀ। ਕੰਜਰਵੇਟਿਵਜ਼ ਮੁੜ ਕਾਮਨ ਸਾਇੰਸ ਰੈਵੂਲੇਸ਼ਨ ਕੰਪੇਨ (Common Sense Revolution Campaign) ਇਸ ਨਾਅਰਾ ਤਹਿਤ ਚਲਾ ਰਹੇ ਹਨ ਕਿ ਉਹ ਹੈਲਥ ਸਿਸਟਮ ਦੀ ਰੱਖਿਆ ਕੀਤੀ ਜਾਵੇ ਅਤੇ ਵਿਦਿਆਰਥੀਆਂ ਉਪਰ ਵੱਧ ਖਰਚ ਕੀਤਾ ਜਾਵੇਗਾ। ਪ੍ਰੰਤੂ ਇਹ ਕੰਪਾਇਨ ਵਿਚ ਮੁੱਖ ਵੱਡੇ ਘਰਾਣੇ ਅਤੇ ਕਾਰਪੋਰੇਟ ਏਜੰਡੇ ਨੂੰ ਵੀ ਕਿਸੇ ਨਾ ਕਿਸੇ ਪੱਧਰ 'ਤੇ ਰੱਖਿਆ ਜਾ ਰਿਹਾ ਹੈ। ਸਥਿਤੀ ਦਾ ਨਿਰਾਸ਼ਾਜਨਕ ਪਹਿਲੂ ਇਹ ਹੈ ਕਿ ਇਸ ਏਜੰਡੇ ਨੂੰ ਮੀਡੀਆ ਵਿਚ ਕੋਈ ਬਹੁਤੀ ਥਾਂ ਨਹੀਂ ਦਿੱਤੀ ਜਾ ਰਹੀ। ਇਨ੍ਹਾਂ ਨਾਅਰਿਆਂ ਤੋਂ ਇਲਾਵਾ ਕਿਸੇ ਨਾ ਕਿਸੇ ਪੱਧਰ 'ਤੇ ਲੋਕਾਂ ਵਿਚ ਆਪਸ ਵਿਚੋਂ ਤਰੇੜਾਂ ਖੜ੍ਹੀਆਂ ਕਰਨ ਲਈ ਰੰਗ ਅਤੇ ਨਸਲ ਨੂੰ ਵੀ ਹੁਲਾਰਾ ਦਿੱਤਾ ਜਾ ਰਿਹਾ ਹੈ।

ਐਚ ਡਬਲਿਊ ਵਾਈ 407, ਐਂਟਾਰੀਓ ਹਾਈਡਰੋ ਦੇ ਕੁਝ ਹਿੱਸਿਆਂ ਦਾ ਨਿੱਜੀਕਰਨ, ਐਲ. ਸੀ. ਬੀ. ਓ. ਤੇ ਟੀ. ਬੀ. ਓ. ਦੇ ਨਿੱਜੀਕਰਨ ਆਦਿ ਨੂੰ ਵੇਚਣ ਤੋਂ ਬਾਅਦ ਹੁਣ ਸਿਹਤ ਸਹੂਲਤਾਂ ਤੇ ਸਿੱਖਿਆ ਵਰਗੇ ਮਸਲੇ ਨੂੰ ਮੁੜ ਕੰਜਰਵੇਟਿਵ ਉਭਾਰ ਰਹੇ ਹਨ ਪ੍ਰੰਤੂ ਹਕੀਕਤ ਇਹ ਹੈ ਕਿ ਹਾਰਸ ਦੇ ਰਾਜ ਸਮੇਂ ਪੂੰਜੀਵਾਦੀ ਜਮਾਤਾਂ ਨੇ ਮਜ਼ਦੂਰ ਜਮਾਤ ਦਾ ਰੱਜ ਕੇ ਖੂਨ ਪੀਤਾ ਹੈ। ਤਨਖਾਹਾਂ ਵਿਚ ਗਿਰਾਵਟ ਆਈ ਹੈ ਅਤੇ ਪੂੰਜੀਪਤੀਆਂ ਦੀ ਚਾਰੇ ਪਾਸੇ ਚਾਂਦੀ ਬਣੀ ਹੈ। ਇਥੋਂ ਤੱਕ ਕਿ ਹਾਰਸ ਦੇ ਕਿੰਨੇ ਹੀ ਜੋਟੀਦਾਰ ਮਿਲੀਅਨ ਡਾਲਰ ਵੱਖ-ਵੱਖ




ਸਮਝੌਤਿਆਂ ਵਿਚੋਂ ਇਕੱਤਰ ਕਰ ਗਏ। ਸੋ ਇਹ ਹੈ ਕਾਮਨ ਸਿਨਸ ਇਨਕਲਾਬ ਦਾ ਮਤਲਬ। ਫਿਰ ਸਵਾਲ ਖੜ੍ਹਾ ਹੁੰਦਾ ਹੈ ਕਿ ਦੋ ਵਾਰੀ ਚੋਣਾਂ ਜਿੱਤਣ ਤੋਂ ਬਾਅਦ ਮੁੜ ਇਹ ਫਿਰ ਕਤਾਰ ਵਿਚ ਕਿਉਂ ਹਨ। ਕੀ ਲੋਕ 1995 ਤੇ 1999 ਨਾਲੋਂ ਅਜੇ ਵੀ ਸਿਆਣੇ ਨਹੀਂ ਹੋਏ। ਹਾਲਾਂਕਿ ਲੋਕਾਂ ਦੀਆਂ ਵੋਟਾਂ ਲੈ ਕੇ ਉਨ੍ਹਾਂ ਦੇ ਜੀਵਨ ਉਪਰ ਚਾਰ ਸਾਲ ਰਾਜ ਕਰਨ ਵਾਲੇ ਹੁਕਮਰਾਨਾਂ ਨੂੰ ਮੁੜ ਫਤਵਾ ਦੇਣ ਲਈ ਸਾਨੂੰ ਕਿਸ ਕਦਰ ਸੋਝੀ ਹੋਣੀ ਚਾਹੀਦੀ ਹੈ। ਅਸਲ ਵਿਚ ਲੋਕਾਂ ਨੂੰ ਜਥੇਬੰਦਕ ਹੋ ਕੇ ਆਪਣੇ ਮਸਲਿਆਂ 'ਤੇ ਖੜ੍ਹਾ ਹੋਣਾ ਚਾਹੀਦਾ ਹੈ ਅਤੇ ਆਪਣੀ ਰਾਜਨੀਤਕ ਚੇਤਨਤਾ ਵਿਕਸਿਤ ਕਰਨਾ ਚਾਹੀਦਾ ਹੈ।

2003 ਵਿਚ ਜਦੋਂ ਐਂਟਾਰੀਓ ਲਿਬਰਲ ਪਾਰਟੀ ਦੇ ਹੱਥਾਂ ਵਿਚ ਤਾਕਤ ਆਈ ਸੀ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਕਿਸੇ ਨਾ ਕਿਸੇ ਰੂਪ ਵਿਚ ਕੰਜਰਵੇਟਿਵ, ਲਿਬਰਲ ਅਤੇ ਐਨ ਡੀ ਪੀ ਚਾਰ-ਚਾਰ ਸਾਲ ਲਈ ਮੁੜ ਸੱਤਾ ਉਪਰ ਆ ਜਾਂਦੇ ਰਹੇ ਹਨ।

ਬੜੀ ਵਾਰੀ ਵੱਖ-ਵੱਖ ਚੋਣ ਪ੍ਰਕਿਰਿਆਵਾਂ ਦੌਰਾਨ ਇਹ ਵਾਅਦਾ ਕੀਤਾ ਜਾਂਦਾ ਹੈ ਕਿ ਲੋਕਾਂ 'ਤੇ ਟੈਕਸਾਂ ਦਾ ਬੋਝ ਨਹੀਂ ਪਾਇਆ ਜਾਏਗਾ। ਇਥੋਂ ਤੱਕ ਇਕ ਵਾਰੀ ਤਾਂ ਲਿਬਰਲਾਂ ਵਿਚੋਂ ਮੋਗੇਂਟੀ ਨੇ ਇਹ ਲਹਿਰ ਵੀ ਚਲਾਈ ਕਿ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਜੋ ਕਿ ਹਸਪਤਾਲਾਂ ਉਪਰ ਲਾਗੂ ਹੁੰਦੀ ਹੈ ਉਸ ਨੂੰ ਬੰਦ ਕੀਤਾ ਜਾਵੇ। ਪ੍ਰਾਈਵੇਟ ਘਰਾਣਿਆਂ ਨੂੰ ਹਸਪਤਾਲਾਂ ਦਾ ਪ੍ਰਬੰਧ ਨਾ ਦਿੱਤਾ ਜਾਵੇ। ਪ੍ਰੰਤੂ ਉਹ ਹੀ ਸੀ ਜਿਸ ਨੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਅਮੀਰਾਂ ਘਰਾਣਿਆਂ ਨੂੰ ਹਸਪਤਾਲ ਸੌਂਪਣ ਦਾ ਤਹੱਈਆ ਕੀਤਾ।

ਇਹ ਵੀ ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਈ-ਹੈਲਥ ਸਕੈਂਡਲ ਦੇ ਨਾਂ ਨਾਲ ਜਾਣੇ ਜਾਂਦੇ ਇਸ ਧੋਖਾਧੜੀ ਤਹਿਤ ਇਕ ਬਿਲੀਅਨ ਲੋਕਾਂ ਦੇ 2008 ਉਜੜੇ ਸਨ। ਇਥੋਂ ਤੱਕ ਕਿ ਇਸ ਕੰਪਨੀ ਦੇ ਸੀ.ਈ.ਓ. ਸ਼ਰਨ ਕਰਮੇਰ ਨੂੰ 10 ਸਾਲ ਦੀ ਨੌਕਰੀ ਵਾਸਤੇ ਲੱਖਾਂ ਡਾਲਰ ਦਿੱਤੇ ਗਏ ਸਨ।

ਸਮਾਂ ਆ ਗਿਆ ਹੈ ਕਿ ਲੋਕ ਜਿਹੜੇ ਕਿ ਆਪਣਾ ਲੱਕ ਬੰਨ੍ਹਕੇ ਸਰਕਾਰ ਨੂੰ ਟੈਕਸ ਦਿੰਦੇ ਹਨ ਜਿਨ੍ਹਾਂ ਦੀ ਇਕ ਇਕ ਵੋਟ ਨਾਲ ਉਪਰੋਕਤ ਪਾਰਟੀਆਂ ਦੇ ਨੁਮਾਇੰਦੇ ਸੱਤਾ 'ਤੇ ਕਾਬਜ਼ ਹੁੰਦੇ ਹਨ ਮੁੜ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥ ਠੋਕੇ ਬਣ ਜਾਂਦੇ ਹਨ। ਇਸ ਵੇਲੇ ਸੋਚਣ ਦੀ ਲੋੜ ਹੈ ਕਿ ਅਸੀਂ ਆਪਣੀ ਵੋਟ ਬਾਰੇ ਆਪ ਸੋਚੀਏ। ਸਰਕਾਰੀ ਸਹੂਲਤਾਂ ਅਤੇ ਸੇਵਾਵਾਂ ਨੂੰ ਤਾਕਤਵਾਰ ਕਰਨ ਲਈ ਮਜ਼ਦੂਰ ਜਮਾਤ ਦੀ ਅਗਵਾਈ ਕਰੀਏ ਅਤੇ ਲੋਕਾਂ ਅੱਗੇ ਲੀਡਰਾਂ ਨੂੰ ਜਵਾਬ ਦੇ ਬਣਾਉਣ ਲਈ ਜਥੇਬੰਦ ਹੋਈਏ।

- ਜਸਪ੍ਰੀਤ

# ਅਹਿਮ ਵਰਤਾਰਿਆਂ ਦੇ ਕੁਝ ਪਹਿਲੂ

ਅਮਰੀਕਾ ਦੇ ਆਪਣੇ ਕੇਂਦਰਬਿੰਦੂ ਵਾਲ ਸਟਰੀਟ ਵਿਚ ਲੋਕਾਂ ਦਾ ਇਕੱਤਰ ਹੋ ਜਾਣਾ ਅਤੇ ਉਥੇ ਹੀ ਰੁਕੇ ਰਹਿਣਾ ਉਨ੍ਹਾਂ ਲਈ ਕਿਵੇਂ ਬਾਰਾ ਖਾ ਸਕਦਾ ਹੈ। ਇਹ ਗੱਲ ਇੰਝ ਵਾਪਰੀ ਕਿ ਸੈਂਕੜੇ ਲੋਕ ਵਾਲ ਸਟਰੀਟ ਵਿਚ ਇਕੱਠੇ ਹੋ ਕੇ ਜਿਨ੍ਹਾਂ ਨੂੰ ਜਾਪਿਆ ਕਿ ਉਨ੍ਹਾਂ ਦੇ ਮਸਲਿਆਂ ਦਾ ਹੱਲ ਹੁਣ ਸ਼ਾਇਦ ਇਸ ਕੇਂਦਰ ਵਿਚ ਨਹੀਂ ਹੈ। ਹੈਰਾਨੀ ਦੀ ਗੱਲ ਇਹ ਹੋਈ ਕਿ ਉਥੇ ਇਕ ਤਬਦੀਲੀ ਵਾਲੀ ਸੋਚ ਵਿਕਸਿਤ ਹੋ ਕੇ ਇਹ ਕਹਿ ਰਹੀ ਸੀ ਕਿ ਸਾਨੂੰ ਮੁੜ ਆਈ ਐਮ ਐਫ, ਵਰਲਡ ਬੈਂਕ ਆਦਿ ਦੇ ਪ੍ਰਬੰਧਕੀ ਸੁਧਾਰਾਂ ਅਤੇ ਮੁੜ ਵਸੇਬਾ ਕਰਨ ਲਈ ਜਾਰੀ ਕੀਤੇ ਜਾਂਦੇ ਆਰਜ਼ੀ ਕਿਸਮ ਦੇ ਆਰਥਿਕ ਉਪਾਅ ਬਾਰਾ ਨਹੀਂ ਖਾਂਦੇ। ਉਨ੍ਹਾਂ ਇਸ ਗੱਲ 'ਤੇ ਸੋਝੀ ਵਿਕਸਿਤ ਕੀਤੀ ਕਿ ਲਗਾਤਾਰ ਮਾਰਕੀਟ, ਪੈਸਾ, ਕਰਜ਼ਾ ਉਨ੍ਹਾਂ ਦੀਆਂ ਨਾੜੀਆਂ ਨੂੰ ਕਮਜ਼ੋਰ ਕਰੀ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਨਾੜੀਆਂ ਵਿਚਲਾ ਖੂਨ ਦਾ ਪੱਧਰ ਬਹੁਤ ਘੱਟ ਗਿਆ ਹੈ। ਇਸ ਕਿਸਮ ਦੀ ਸੋਝੀ ਸ਼ਾਇਦ ਕਿਸੇ ਨਾ ਕਿਸੇ ਲੇਬਲ 'ਤੇ ਅਰਬ ਵਿਚ ਵਾਪਰੇ ਵਰਤਾਰਿਆਂ ਵਿਚੋਂ ਉਪਜੀ ਹੈ। ਪ੍ਰਸਿੱਧ ਵਿਦਵਾਨ ਪ੍ਰੋ. ਰਣਧੀਰ ਸਿੰਘ ਦਾ ਕਹਿਣਾ ਹੈ ਕਿ ਤਰਾਸ਼ਦੀਆਂ ਹੁਣ ਤਬਾਹੀਆਂ ਵਿਚ ਬਦਲ ਰਹੀਆਂ ਹਨ। ਹਾਲਾਂਕਿ ਲੋਕਾਂ ਦੁਆਰਾ ਵਾਲ ਸਟਰੀਟ ਉਪਰ ਕੀਤੇ ਕਬਜ਼ੇ ਨੂੰ ਜਬਰੀ ਹਟਾ ਦਿੱਤਾ ਗਿਆ ਪਰ ਜਿਸ ਕਿਸਮ ਨਾਲ ਥੋੜ੍ਹੇ ਹੀ ਸਮੇਂ 'ਚ ਲੋਕਾਂ ਨੇ ਵੱਡੇ ਪੱਧਰ 'ਤੇ ਮਦਦ ਮੁਹੱਈਆ ਕਰਵਾਈ ਅਤੇ ਉਨ੍ਹਾਂ ਨੂੰ ਇਹ ਵੀ ਕਿਹਾ ਕਿ ਹੁਣ ਸਿਰਫ਼ ਇਕ ਕੇਂਦਰ ਨਹੀਂ ਬਲਕਿ ਸ਼ਿਕਾਗੋ, ਫਲੋਰੀਡਾ, ਡੀਨੇਵਰ, ਲਾਸਐਂਜਲਜ਼ ਵਿਖੇ ਵੀ ਆਪ ਮੁਹਾਰੇ ਲਹਿਰ ਉਤਪੰਨ ਹੋਣੀ ਸ਼ੁਰੂ ਹੋਈ ਹੈ। ਇਸ ਸਮੁੱਚੀ ਲਹਿਰ ਪਿਛੇ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਸਾਡੀ ਨਵੀਂ ਅਮਰੀਕਨ ਪੀੜ੍ਹੀ ਨੂੰ ਕਿਸੇ ਕਿਸਮ ਦਾ ਰੁਜ਼ਗਾਰ ਮੁਹੱਈਆ ਨਹੀਂ ਹੋ ਰਿਹਾ। ਕਿਸੇ ਕਿਸਮ ਦੀ ਵਿਦਿਆ ਮੁਹੱਈਆ ਨਹੀਂ ਹੋ ਰਹੀ ਅਤੇ ਇਥੋਂ ਤੱਕ ਕਦੇ ਵੀ ਖਹਿੜਾ ਨਾ ਛੱਡਣ ਵਾਲਾ ਕਰਜ਼ਾ ਲਗਾਤਾਰ ਉਨ੍ਹਾਂ ਦੇ ਮੋਢਿਆਂ 'ਤੇ ਭਾਰਾ ਹੁੰਦਾ ਜਾ ਰਿਹਾ ਹੈ। ਇਸ ਬੋਝ ਤਹਿਤ ਜੀਵਨ ਇਕ ਮਰਨਾਊ ਕਿਸਮ ਦੀ ਪ੍ਰਵਿਰਤੀ ਨਾਲ ਭਰਦਾ ਜਾ ਰਿਹਾ ਹੈ। ਕਿਸੇ ਨਾ ਕਿਸੇ ਰੂਪ ਵਿਚ ਇਥੋਂ ਤੱਕ ਬੇਇੱਜ਼ਤੀ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਨਿੱਘਰ ਦੇ ਪਹਿਲੂਆਂ ਨਾਲ ਭਰਿਆ ਜੀਵਨ ਮਹਿਸੂਸ ਹੋ ਰਿਹਾ ਹੈ। ਅਜਿਹੀ ਸਥਿਤੀ 'ਚ ਵਾਲ ਸਟਰੀਟ ਵਰਗੇ ਸਥਾਨ 'ਤੇ ਨੌਜਵਾਨਾਂ ਦਾ ਇਕੱਤਰ ਹੋਣਾ ਅਤੇ ਉਸ ਵਿਚੋਂ ਇਕ ਬਦਲਾਅ ਵਾਲੇ ਸੁਪਨੇ ਨੂੰ ਸਿਰਜਨ ਦੀ ਵਕਾਲਤ ਕਰਨਾ ਆਪਣੇ ਆਪ ਵਿਚ ਹੀ ਮਹੱਤਵਪੂਰਨ ਹੈ।

ਇਸ ਘਟਨਾਕ੍ਰਮ ਦੇ ਸੰਦਰਭ ਵਿਚ ਹੀ ਪਿਛਲੇ ਦਿਨੀਂ ਜਿਸ ਕਿਸਮ ਨਾਲ ਜੀ-20 ਦੇ ਵਿੱਤ ਮੰਤਰੀਆਂ ਦੀ ਨੀਂਦ ਹਰਾਮ ਹੋਈ ਹੈ ਉਸ ਨੂੰ ਦੇਖਕੇ ਇੰਝ ਲਗਦਾ ਹੈ ਕਿ ਸੰਸਾਰ ਅਰਥਚਾਰਾ ਇਕ ਡੂੰਘੇ ਸੰਕਟ ਦੇ ਕਗਾਰ 'ਤੇ ਖੜ੍ਹਾ ਹੈ ਅਤੇ ਸਥਿਤੀ ਦਾ ਦਿਲਚਸਪ ਪਹਿਲੂ ਇਹ ਸੀ ਕਿ ਕੌਮਾਂਤਰੀ ਟਰੇਡ ਯੂਨੀਅਨ ਮੂਵਮੈਂਟ ਨੇ ਲਗਾਤਾਰ ਇਕੱਠ ਕਰਕੇ ਨੀਤੀ ਘਾੜਿਆਂ ਨੂੰ ਚਿਤਾਵਨੀ ਦਿੱਤੀ ਕਿ ਉਹ 1930 ਵਾਂਗ ਮੁੜ ਨੀਤੀਆਂ ਦੇ ਪੱਧਰ 'ਤੇ ਗਲਤੀਆਂ ਨਾ ਕਰਨ। ਮੂਵਮੈਂਟ ਦੇ ਜਨਰਲ ਸਕੱਤਰ ਸਰਨ ਬਾਰੋਥ ਨੇ ਕਿਹਾ ਕਿ ਕਿਸੇ ਵੀ ਪੱਧਰ 'ਤੇ 2008 ਦੇ ਵੇਲ ਆਊਟ ਤੋਂ





ਬਾਅਦ ਕਿਸੇ ਕਿਸਮ ਦਾ ਆਰਥਿਕ ਮੰਦਵਾੜੇ ਦਾ ਦੌਰ ਠੀਕ ਢੰਗ ਨਾਲ ਨਜਿੱਠਿਆ ਨਹੀਂ ਗਿਆ। ਇਥੋਂ ਤੱਕ ਕਿ ਜੀ-20 ਦੇ ਲੀਡਰਾਂ ਨੂੰ ਇਹ ਸਮਝਦਾਰੀ ਨਹੀਂ ਬਣ ਰਹੀ ਕਿ ਲਗਾਤਾਰ ਜਿਸ ਕਿਸਮ ਨਾਲ ਵਿੱਤੀ ਮੰਡੀਆਂ ਦੇ ਚਲਣ ਢੰਗ ਰਾਹੀਂ ਸੰਸਾਰ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸ ਨਾਲ ਵਿੱਤੀ ਮੰਡੀਆਂ ਦਾ ਸੰਕਟ ਤਾਂ ਬਣ ਹੀ ਗਿਆ ਹੈ ਇਸ ਦੇ ਨਾਲ ਹੀ ਗੈਰ ਬਰਾਬਰਤਾ ਵੱਡੀ ਪੱਧਰ 'ਤੇ ਵੱਧ ਰਹੀ ਹੈ। ਉਸ ਮੌਕੇ ਜੀ-20 ਨੂੰ ਅਪੀਲ ਕਰਦਿਆਂ ਜਥੇਬੰਦੀ ਨੇ ਕਿਹਾ ਕਿ ਜੋ ਲੋਕਾਂ ਦੀਆਂ ਸਹੂਲਤਾਂ 'ਤੇ ਕੱਟ ਲਾਏ ਜਾ ਰਹੇ ਹਨ ਕਾਰਖਾਨੇ ਬੰਦ ਕੀਤੇ ਜਾ ਰਹੇ ਹਨ, ਮਜ਼ਦੂਰਾਂ ਨੂੰ ਮਿਲੇ ਹੱਕਾਂ ਨੂੰ ਮੁੜ ਬਹਾਲ ਕੀਤਾ ਜਾਵੇ ਜਿਨ੍ਹਾਂ ਉਪਰ ਕੱਟ ਲੱਗ ਰਹੇ ਹਨ। ਲੋਕਾਂ ਲਈ ਸਮਾਜਿਕ ਸੁਰੱਖਿਆ ਵਧਾਈ ਜਾਵੇ। ਚੰਗੀ ਤੇ ਵਧੀਆ ਪਬਲਿਕ ਸੇਵਾ ਵਿਚ ਹੋਰ ਆਰਥਿਕਤਾ ਮੁਹੱਈਆ ਕਰਵਾਈ ਜਾਵੇ। ਇਸੇ ਤਰ੍ਹਾਂ ਵਿੱਤੀ ਸੁਧਾਰ ਦਾ ਏਜੰਡਾ ਮੁੜ ਬੰਦ ਕਰਕੇ ਰਾਜਕੀ ਖੇਤਰ ਦੇ ਅਦਾਰਿਆਂ ਨੂੰ ਪਹਿਲ ਦਿੱਤੀ ਜਾਵੇ। ਵੱਖ-ਵੱਖ ਪੱਧਰ 'ਤੇ ਲਗਾਏ ਜਾ ਰਹੇ ਟੈਕਸਾਂ ਨੂੰ ਬੰਦ ਕੀਤਾ ਜਾਵੇ।

ਇਸ ਸਭ ਕੁਝ ਦੇ ਚਲਦਿਆਂ ਬੀ ਬੀ ਸੀ ਦੇ ਮੈਗਜ਼ੀਨ ਨੇ ਇਕ ਆਰਟੀਕਲ ਲਗਾਇਆ ਜਿਸ 'ਤੇ ਸੈਂਕੜੇ ਲੋਕਾਂ ਨੇ ਆਪਣੀ ਸਮਝਦਾਰੀ ਰੱਖਦਿਆਂ ਕਿਹਾ ਕਿ ਅੱਜ ਵੀ ਦੁਨੀਆ ਨੂੰ ਸਹੀ ਢੰਗ ਨਾਲ ਸਮਝਣ ਲਈ ਮਾਰਕਸ ਦੇ ਦਾਸ ਕੈਪੀਟਲ ਨੂੰ ਪੜ੍ਹਨਾ ਚਾਹੀਦਾ ਹੈ ਜਿਸ ਵਿਚ ਆਰਥਿਕ ਸੰਕਟਾਂ ਤੋਂ ਲੈ ਕੇ ਵਿਚਾਰਧਾਰਕ ਸੰਕਟਾਂ ਤੱਕ ਲਈ ਜ਼ਿੰਮੇਵਾਰ ਪੂੰਜੀਵਾਦੀ ਤੰਤਰ ਦੀ ਹਰੇਕ ਪਰਤ ਨੂੰ ਫਰੋਲਿਆ ਗਿਆ ਹੈ। ਲੇਖਕ ਨੇ ਇਹ ਲਿਖਿਆ ਹੈ ਕਿ ਇਸ ਗੱਲ ਵਿਚ ਸੱਚਾਈ ਹੋ ਸਕਦੀ ਹੈ ਕਿ ਉਸ ਦੀ ਸੋਝੀ ਅਤੇ ਸਮਝਦਾਰੀ ਮੁਤਾਬਕ ਪੂੰਜੀਵਾਦ ਦਾ ਬਦਲਵਾਂ ਰੂਪ ਸਮਾਜਵਾਦ ਜੋ ਆਪਣੇ ਕਿਸਮ ਦਾ ਸੀ ਢਹਿ-ਢੇਰੀ ਹੋ ਗਿਆ ਪ੍ਰੰਤੂ ਪੂੰਜੀਵਾਦ ਦੇ ਅੰਦਰਲੇ ਚਲਣ ਢੰਗ ਨਾਲ ਉਸ ਵਿਚ ਲਗਾਤਾਰ ਸੰਕਟ ਦਰ ਸੰਕਟ ਹੀ ਉਤਪੰਨ ਹੋਇਆ ਹੈ। ਹੁਣ ਸਥਿਤੀ ਇਹ ਹੋ ਗਈ ਹੈ ਕਿ ਉਸ ਦੀ ਉਭਰਨ ਦੀ ਸੰਭਾਵਨਾ ਵੀ ਖਤਮ ਹੋ ਗਈ ਹੈ। ਇਥੋਂ ਤੱਕ ਕਿ ਆਈ ਐਮ ਐਫ ਅਤੇ ਵਰਲਡ ਬੈਂਕ ਵੀ ਇਹ ਕਹਿ ਰਹੀ ਹੈ ਕਿ ਅਸੀਂ ਇਕ ਮੰਦਵਾੜੇ ਤੋਂ ਦੂਸਰੇ ਮੰਦਵਾੜੇ ਵੱਲ ਸਮੁੱਚੀ ਦੁਨੀਆ ਨੂੰ ਧੱਕ ਰਹੇ ਹਾਂ।

- ਹਰਜੀਤ ਕੌਰ

# ਸੰਸਾਰਕ ਤਬਦੀਲੀ ਦਾ ਸਵਾਲ

ਜੋ ਸਮਾਜ ਪਿਛਲੀਆਂ ਪੰਜ ਸਦੀਆਂ 'ਚ ਪੂੰਜੀਵਾਦ ਦੇ ਚੱਲਣ ਢੰਗ ਨਾਲ ਹੋਂਦ ਵਿਚ ਆਏ ਉਨ੍ਹਾਂ ਸਬੰਧੀ ਕਾਰਲ ਮਾਰਕਸ ਦੀ ਸਮਝਦਾਰੀ ਮੁਤਾਬਕ ਆਪਸੀ ਅੰਦਰੂਨੀ ਚਲਣ ਢੰਗ ਦੀਆਂ ਵਿਰੋਧਤਾਈਆਂ ਕਾਰਨ ਲਗਾਤਾਰ ਸੰਕਟ ਵਿਚ ਰਹਿਣਗੇ ਅਤੇ ਬਦਲਾਅ ਦੀ ਤਲਾਸ਼ ਵਿਚ ਕਿਰਤ ਕਰਨ ਵਾਲਿਆਂ ਨੂੰ ਉਭਾਰਦੇ ਰਹਿਣਗੇ। ਇਸ ਮਸਲੇ ਪ੍ਰਤੀ ਤਾਂ ਕਈ ਕਿਸਮ ਦੇ ਦ੍ਰਿਸ਼ਟੀਕੋਣ ਹੋ ਸਕਦੇ ਹਨ, ਅੱਜ ਦੀ ਦੁਨੀਆ ਨੂੰ ਸਮਝਣ ਲਈ ਮਾਰਕਸ ਦੀਆਂ ਪ੍ਰਮੁੱਖ ਲਿਖਤਾਂ ਜਿਨ੍ਹਾਂ ਵਿਚ ਦਾਸ ਕੈਪੀਟਲ ਬੁਨਿਆਦੀ ਹੈ, ਰਾਹੀਂ ਹੀ ਦੁਨੀਆ ਨੂੰ ਸਮਝਿਆ ਜਾ ਸਕਦਾ ਹੈ ਜਿਸ ਵਿਚ ਪੂੰਜੀ ਦੇ ਚਲਣ ਢੰਗ ਦੀ ਵਿਆਖਿਆ ਕੀਤੀ ਗਈ ਹੈ ਅਤੇ ਜਿਸ ਵਿਚ ਪੂੰਜੀ ਰਾਹੀਂ ਪੈਦਾ ਹੋਏ ਜਾਂ ਪੈਦਾ ਹੋ ਰਹੇ ਸੰਕਟਾਂ ਦੀ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰਸਿੱਧ ਇਤਿਹਾਸਕਾਰ ਇਰਕ ਹਾਵਜ਼ਬਾਮ ਦੀ ਨਵੀਂ ਕਿਤਾਬ 'ਸੰਸਾਰ ਨੂੰ ਕਿਵੇਂ ਬਦਲਿਆ ਜਾਵੇ' (How to Change the world) ਸਾਹਮਣੇ ਆਈ ਹੈ ਜਿਸ ਵਿਚ ਪ੍ਰਸਿੱਧ ਇਤਿਹਾਸਕਾਰ ਨੇ ਮਾਰਕਸ ਅਤੇ ਮਾਰਕਸਵਾਦ ਦੀਆਂ ਅੰਦਰੂਨੀ ਤਾਕਤਾਂ ਦਾ ਵਿਸ਼ਲੇਸ਼ਣ ਕੀਤਾ ਹੈ ਜਿਹੜਾ ਕਿ 1840 ਤੋਂ ਲੈ ਕੇ ਹੁਣ ਤੱਕ ਦਾ ਰਿਹਾ ਹੈ। ਇਸ ਵਿਚ ਵਿਸ਼ੇਸ਼ ਤੌਰ 'ਤੇ ਗਰਾਮਸੀਅਨ ਪਹਿਲੂਆਂ ਨੂੰ ਵੀ ਲਿਆ ਗਿਆ ਹੈ ਕਿ ਕਿਸ ਤਰ੍ਹਾਂ ਵੱਖ ਵੱਖ ਸਮਿਆਂ 'ਤੇ ਇਨਕਲਾਬੀ ਮਾਰਕਸਵਾਦ ਨੂੰ ਸਥਾਪਤ ਕਰਦਿਆਂ 100 ਸਾਲ ਤੋਂ ਉਪਰ ਸਮਾਂ ਲੱਗ ਗਿਆ ਹੈ। ਇਥੋਂ ਤੱਕ ਇਸ ਕਿਤਾਬ ਵਿਚ ਜ਼ਿਕਰ ਕੀਤਾ ਗਿਆ ਹੈ ਕਿ 21ਵੀਂ ਸਦੀ ਦੇ ਲੋਕਾਂ ਨੂੰ ਹੋਰ ਵੀ ਵੱਧ ਮਾਰਕਸ ਨੂੰ ਪੜ੍ਹਨ ਦੀ ਲੋੜ ਹੈ। ਇਹ ਸਿਰਫ਼ ਵਿਸ਼ਲੇਸ਼ਣ ਪੱਧਰ 'ਤੇ ਹੀ ਨਹੀਂ ਬਲਕਿ ਪੂੰਜੀਵਾਦ ਦੀ ਨੁਕਤਾਚੀਨੀ, ਵਿਰੋਧਤਾਈਆਂ ਅਤੇ ਅਜੋਕੀਆਂ ਸਮੱਸਿਆਵਾਂ ਦੇ ਸੰਦਰਭ ਵਿਚ ਵੀ ਜ਼ਰੂਰੀ ਹੈ। ਇਸ ਕਿਤਾਬ ਰਾਹੀਂ ਜਿਥੇ ਹਾਵਜ਼ਬਾਮ ਨੇ ਮਾਰਕਸ ਤੇ ਮਾਰਕਸਵਾਦ ਦੀ ਅੰਦਰੂਨੀ ਰੂਹ ਦੇ ਦਰਸ਼ਨ ਕਰਵਾਏ ਹਨ, ਉਥੇ ਕਈ ਮਸਲਿਆਂ 'ਤੇ ਐਕਡਮਿਸ਼ਨਜ਼ ਅਤੇ ਕਾਰਕੁੰਨਾਂ ਨੂੰ ਮਾਰਕਸ ਦੇ ਢੰਗ ਤਰੀਕੇ ਅਨੁਸਾਰ ਮੁੜ ਪੜ੍ਹਨ ਦੀ ਵਕਾਲਤ ਕੀਤੀ ਗਈ ਹੈ।




ਇਸ ਕਿਤਾਬ ਦੇ ਬੁਨਿਆਦੀ ਤੌਰ 'ਤੇ ਦੋ ਹਿੱਸੇ ਹਨ। ਪਹਿਲੇ ਹਿੱਸੇ ਵਿਚ ਮਾਰਕਸ ਦੇ ਐਂਗਲ ਦੀਆਂ ਲਿਖਤਾਂ ਦਾ ਵਿਸ਼ਲੇਸ਼ਣ ਅਤੇ ਉਨ੍ਹਾਂ ਦਾ ਲਹਿਰਾਂ ਉਪਰ ਅਸਰ ਅਤੇ ਦੂਸਰੇ ਹਿੱਸੇ ਵਿਚ 20ਵੀਂ ਸਦੀ 'ਚ ਸੋਵੀਅਤ ਯੂਨੀਅਨ ਰਾਹੀਂ ਵਿਕਸਿਤ ਹੋਏ ਸਰਕਾਰੀ ਮਾਰਕਸਵਾਦ ਦੇ ਕਮਜ਼ੋਰ ਪਹਿਲੂਆਂ ਦਾ ਵੀ ਉਲੇਖ ਕੀਤਾ ਹੈ। ਹਾਵਜ਼ਬਾਮ ਨੇ ਬੜੀ ਸਖ਼ਤੀ ਨਾਲ ਹਦਾਇਤ ਕੀਤੀ ਹੈ ਕਿ ਉਸ ਨੂੰ ਧਾਰਮਿਕ, ਪਵਿੱਤਰ ਪੁਸਤਕਾਂ ਵਾਂਗ, ਕੱਟੜਤਾ ਵਾਂਗ, ਸੰਸਥਾਵਾਂ ਵਾਂਗ ਨਾਲ ਲਿਆ ਜਾਵੇ ਬਲਕਿ ਮਾਰਕਸ ਦੇ ਵਿਕਾਸਮਈ ਢੰਗ ਨੂੰ ਧਿਆਨ ਵਿਚ ਰੱਖਿਆ ਜਾਵੇ ਕਿ ਕਿਵੇਂ ਉਸ ਨੇ ਉਸ ਸਮੇਂ ਦੇ ਗਲਤ ਵਿਚਾਰਾਂ ਦੇ ਧਾਰਨੀ ਪਹਿਲੂਆਂ ਨੂੰ ਉਖੇੜਿਆ ਹੈ।

ਹਾਵਜ਼ਬਾਮ ਬੁਨਿਆਦੀ ਤੌਰ 'ਤੇ ਮਾਰਕਸਵਾਦੀ ਸਮਾਜਵਾਦ ਦੇ ਤਿੰਨ ਪਹਿਲੂਆਂ ਨੂੰ ਕੇਂਦਰ ਵਿਚ ਰੱਖਦਾ ਹੈ। ਇਕ ਮੌਕਾ ਮੇਲ ਵਾਲੇ ਪੂੰਜੀਵਾਦ ਦੀ ਨੁਕਤਾਚੀਨੀ, ਇਤਿਹਾਸਕ ਵਿਸ਼ਲੇਸ਼ਣ ਅਤੇ ਸਮਾਜ ਨੂੰ ਤਬਦੀਲ ਕਰਨ ਵਾਲੀ ਤਾਕਤਵਰ ਏਜੰਸੀ ਮਜ਼ਦੂਰ ਜਮਾਤ ਹੈ।

ਇਸ ਦੇ ਦੂਸਰੇ ਹਿੱਸੇ ਵਿਚ ਐਨਟੋਨੀਓ ਗਰਾਮਸੀ ਦੀ ਸਿਆਸੀ ਥਿਊਰੀ ਨੂੰ ਅਜੋਕੇ ਸਮੇਂ ਲਈ ਬੜੀ ਮਹੱਤਵਪੂਰਨ ਸਮਝਦੇ ਹੋਏ ਉਸ ਤੋਂ ਸਬਕ ਲੈਣ ਦੀ ਲੋੜ ਹੈ ਜਿਸ ਵਿਚ ਅਜੋਕੇ ਸਮਾਜਿਕ ਮਾਲਕੀ ਵਾਲੀ ਆਰਥਿਕ ਵਿਕਾਸ ਵਾਲੀ ਯੋਜਨਾ ਵਿਚ ਲਗਾਤਾਰ ਲੋਕਾਂ ਨੂੰ ਤਬਦੀਲ ਕਰਦੇ ਹੋਏ ਸਮਾਜਿਕ ਸਮਝਦਾਰੀ ਕਿਸ ਤਰ੍ਹਾਂ ਵਿਕਸਿਤ ਕੀਤੀ ਜਾਵੇ ਅਤੇ ਆਪਣੀ ਤਾਕਤ ਸਥਾਪਤ ਕੀਤੀ ਜਾਵੇ। ਇਸ ਕਿਤਾਬ ਵਿਚ ਵਿਸ਼ੇਸ਼ ਤੌਰ 'ਤੇ ਬੌਧਿਕ ਅਤੇ ਸਿਆਸੀ ਘਟਨਾਕ੍ਰਮ ਨੂੰ ਅੰਗਿਆ ਗਿਆ ਹੈ।

ਇਸ ਕਿਤਾਬ ਨੂੰ ਪੜ੍ਹਨਾ ਅਜੋਕੇ ਸਵਾਲਾਂ ਦੇ ਜਵਾਬ ਲੱਭਣ ਲਈ ਬੜੀ ਸਹਾਈ ਸਿੱਧ ਹੋ ਸਕਦੀ ਹੈ ਕਿ ਕਿਸ ਤਰ੍ਹਾਂ ਨਵੇਂ ਸੰਘਰਸ਼, ਨਵੀਆਂ ਲਹਿਰਾਂ, ਨਵੇਂ ਦਾਅਪੇਚ ਅਤੇ ਨਵੀਆਂ ਯੁੱਧ ਨੀਤੀਆਂ 21ਵੀਂ ਸਦੀ ਵਿਚ ਘੜੀਆਂ ਜਾਣ। ਇਸ ਕਿਸਮ ਦੇ ਕਾਰਜ ਲਈ ਪ੍ਰਸਿੱਧ ਇਤਿਹਾਸਕਾਰ ਇਰਕ ਹਾਵਜ਼ਬਾਮ ਵਧਾਈ ਦਾ ਪਾਤਰ ਹੈ। ਇਸ ਕਿਤਾਬ ਨੂੰ ਬਿਨਾਂ ਦੇਰੀ ਦੇ ਪੜ੍ਹਨ ਦੀ ਜ਼ਰੂਰਤ ਹੈ ਅਤੇ ਆਧੁਨਿਕ ਸਮਿਆਂ ਪ੍ਰਤੀ ਆਪਣੀ ਇਤਿਹਾਸਕ ਸਮਝਦਾਰੀ ਵਿਕਸਿਤ ਕਰਨ ਦੀ ਜ਼ਰੂਰਤ ਹੈ।

- ਡਾ. ਕੁਲਦੀਪ ਸਿੰਘ

# ਸਿੱਖਿਆ ਅਤੇ ਅਸਲ ਸਰੋਕਾਰਾਂ ਦਾ ਸਵਾਲ

**ਸਿੱਖਿਆ ਮੰਡੀ ਦਾ ਹਿੱਸਾ ਨਹੀਂ ਹੋ ਸਕਦੀ। ਸਿੱਖਿਆ ਹਰੇਕ ਦਾ ਬੁਨਿਆਦੀ ਹੱਕ ਹੈ। ਜਿਹੜਾ ਵੀ ਮੁਲਕ ਆਪਣੇ ਆਪ ਨੂੰ ਜਮਹੂਰੀਅਤ ਦੇ ਨਾਂ 'ਤੇ ਸਥਾਪਤ ਕਰ ਚੁੱਕਾ ਹੈ। ਇਸ ਹੱਕ ਦੀ ਬਹਾਲੀ ਉਪਰ ਪਹਿਰੇਦਾਰੀ ਕਰਨੀ ਅਤੇ ਇਕ ਬਰਾਬਰ ਦੇ ਸਮਾਜ ਲਈ ਸਿੱਖਿਆ ਵਿਚ ਹਰ ਇਕ ਲਈ ਬਰਾਬਰ ਦੇ ਮੌਕੇ ਪ੍ਰਦਾਨ ਕਰਵਾਉਣੇ ਸੰਘਰਸ਼ਸ਼ੀਲ ਚੇਤਨ ਲੋਕਾਂ ਦਾ ਮੁੱਖ ਕਾਰਜ ਬਣਦਾ ਹੈ। ਇਸ ਕਾਰਜ ਦੀ ਪੂਰਤੀ ਲਈ ਇਕ ਸਹੀ ਸਮਝਦਾਰੀ ਨੂੰ ਵਿਕਸਿਤ ਕਰਨ ਹਿੱਤ ਕੁਝ ਵਿਚਾਰ ਪ੍ਰਸਤੁਤ ਕਰ ਰਹੇ ਹਾਂ। ਤੁਹਾਡੇ ਵਿਚਾਰ ਇਸ ਉਪਰ ਜੀ ਆਇਆਂ ਕਹਾਂਗੇ।**

ਸਿੱਖਿਆ ਬੜੇ ਲੰਬੇ ਸਮੇਂ ਤੋਂ ਮਨੁੱਖ ਦੇ ਬਹੁਪੱਖੀ ਵਿਕਾਸ ਦਾ ਜ਼ਰੀਆ ਰਹੀ ਹੈ ਜਿਸ ਰਾਹੀਂ ਮਨੁੱਖ ਦੇ ਅੰਦਰ ਛੁਪੇ ਹੋਏ ਕੁਦਰਤੀ ਗੁਣ ਵਿਕਸਿਤ ਹੁੰਦੇ ਹਨ। ਖੋਜਾਂ ਦੱਸਦੀਆਂ ਹਨ ਕਿ ਹਰੇਕ ਬੱਚੇ ਅੰਦਰ ਕਈ ਕਿਸਮ ਦੇ ਕੁਦਰਤੀ ਗੁਣ ਸਮੋਏ ਹੁੰਦੇ ਹਨ ਜਿਨ੍ਹਾਂ ਨੂੰ ਵਿਕਸਿਤ ਕਰਨ ਵਿਚ ਸਿੱਖਿਆ ਦਾ ਬੜਾ ਯੋਗਦਾਨ ਹੁੰਦਾ ਹੈ। ਜਿਵੇਂ ਲਿਖਣ ਦੀ ਸਮਝਦਾਰੀ ਵਿਕਸਿਤ ਕਰਨ, ਸੰਗੀਤ ਦੀ ਸਮਝਦਾਰੀ ਵਿਕਸਿਤ ਕਰਨਾ, ਪੜ੍ਹਨ ਦੀ ਕਲਾ ਵਿਕਸਿਤ ਕਰਨਾ ਅਤੇ ਬੱਚੇ ਅੰਦਰ ਨੁਕਤਾਚੀਨੀ ਮਈ ਨਜ਼ਰੀਆ ਵਿਕਸਿਤ ਕਰਨਾ ਆਦਿ ਗੁਣ ਸਿੱਖਿਆ ਦੇ ਜ਼ਰੀਏ ਹੀ ਵਿਕਸਿਤ ਹੁੰਦੇ ਹਨ। ਪੁਰਾਤਨ ਇਤਿਹਾਸ ਨੂੰ ਵਾਚਿਆ ਜਾਂਦਾ ਹੈ ਉਸ ਵਿਚ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਵੱਖ ਵੱਖ ਧਾਰਮਿਕ ਢੰਗ ਤਰੀਕਿਆਂ ਰਾਹੀਂ ਵੀ ਸਿੱਖਿਆ ਦਾ ਦਾਨ ਸਭ ਤੋਂ ਵੱਡਾ ਦਾਨ ਸਮਝਿਆ ਜਾਂਦਾ ਰਿਹਾ ਹੈ। ਉਸ ਸਮੇਂ ਸਮੁੱਚਾ ਸਮਾਜ ਅਧਿਆਪਕ ਦੀ ਸਭ ਤੋਂ ਵੱਧ ਕਦਰ ਇਸ ਕਰਕੇ ਕਰਦਾ ਸੀ ਕਿ ਉਹ ਬੱਚਿਆਂ ਨੂੰ ਤਾਲੀਮ ਦੇ ਕੇ ਵਿਕਸਿਤ ਕਰ ਰਿਹਾ ਹੁੰਦਾ ਸੀ। ਵੱਖ-ਵੱਖ ਇਤਿਹਾਸ ਦੇ ਪੜਾਵਾਂ ਵਿਚ ਬੀਤਿਆ ਇਕ ਜਾਗਰੁਤ ਕਰਨ ਦਾ ਜ਼ਰੀਆ ਰਹੀ ਹੈ ਜਿਸ ਰਾਹੀਂ ਆਜ਼ਾਦ ਸੋਚ, ਆਜ਼ਾਦੀ ਲਈ ਸਮਝਦਾਰੀ, ਸਮਾਜ ਦੇ ਨਿਰਮਾਣ ਲਈ ਸਮਝਦਾਰੀ, ਸਿੱਖਿਆ ਖੇਤਰ ਦੇ ਵਿਦਿਅਕ ਅਦਾਰੇ ਚਾਹੇ ਉਹ ਸਕੂਲ ਹੋਣ ਚਾਹੇ ਉਹ ਕਾਲਜ ਹੋਣ, ਚਾਹੇ ਉਹ ਯੂਨੀਵਰਸਿਟੀਆਂ ਹੋਣ ਉਨ੍ਹਾਂ ਰਾਹੀਂ ਹੀ ਵਿਦਿਆ ਦੇ ਜ਼ਰੀਏ ਸਮਾਜ ਨੂੰ ਇਕ ਅਗਾਂਹਵਧੂ ਲੀਡਰਸ਼ਿਪ ਮਿਲਦੀ ਰਹੀ ਹੈ। ਪ੍ਰਸਿੱਧ ਵਿਦਵਾਨ ਹਾਬਸਬਾਮ ਨੇ ਤਾਂ ਇਥੋਂ ਤੱਕ ਕਿ ਯੂਨੀਵਰਸਿਟੀਆਂ ਅਸਲ ਵਿਚ ਵਿਚਾਰਾਂ ਦੀ ਜੰਗ ਦੇ ਅਖਾੜੇ ਹੁੰਦੇ ਹਨ ਜਿਨ੍ਹਾਂ ਵਿਚ ਵਿਚਾਰਧਾਰਕ ਸਮਝਦਾਰੀ ਚਾਹੇ ਉਹ ਆਰਥਿਕਤਾ ਦਾ ਖੇਤਰ ਹੋਵੇ, ਚਾਹੇ ਉਹ ਰਾਜਨੀਤੀ ਦਾ ਖੇਤਰ ਹੋਵੇ, ਚਾਹੇ ਉਹ ਸਭਿਆਚਾਰ ਦਾ ਖੇਤਰ ਹੋਵੇ, ਚਾਹੇ ਉਹ ਫਿਲਾਸਫੀ ਦਾ ਖੇਤਰ ਹੋਵੇ, ਇਸ ਹਰੇਕ ਖੇਤਰ ਵਿਚ ਸਮਾਜ ਦੀ ਸਮਝਦਾਰੀ ਪ੍ਰਤੀ ਵੱਖ-ਵੱਖ ਨਜ਼ਰੀਏ ਵਿਕਸਿਤ ਹੁੰਦੇ ਹਨ। ਵੀਹਵੀਂ ਸਦੀ ਦੇ ਮੁਢਲੇ ਵਰ੍ਹਿਆਂ 'ਚ ਪੜ੍ਹੇ ਲਿਖੇ ਹਿੱਸਿਆਂ ਨੇ ਸਮਾਜਿਕ ਸਮਝਦਾਰੀ ਦੇ ਜ਼ਰੀਏ ਲੋਕਪੱਖੀ ਰਾਜਾਂ ਨੂੰ ਜਨਮ ਦਿੱਤਾ। ਇਥੋਂ ਤੱਕ



1960 ਵਿਚ ਸਭ ਤੋਂ ਵੱਡੀ ਵਿਦਿਆਰਥੀ ਲਹਿਰ ਪੈਰਿਸ ਤੋਂ ਲੈ ਕੇ ਲੰਡਨ ਤੱਕ ਲੜੀ ਗਈ ਜਿਸ ਲੜਾਈ ਦੀ ਅਗਵਾਈ ਅਜੋਕੇ ਪ੍ਰਸਿੱਧ ਵਿਦਵਾਨ ਤਾਰਕ ਅਲੀ ਨੇ ਕੀਤੀ। ਉਨ੍ਹਾਂ ਨੇ ਆਪਣੀ ਪ੍ਰਸਿੱਧ ਕਿਤਾਬ 1960 ਦੇ ਲੜਾਈ ਦੇ ਦਿਨਾਂ ਦੀ ਕਹਾਣੀ ਵਿਚ ਕਿਹਾ ਕਿ ਹਰੇਕ ਵਿਦਿਆਰਥੀ ਇਹ ਸੋਚ ਰਿਹਾ ਸੀ ਕਿ ਅਸੀਂ ਇਕ ਨਰੋਏ ਸਮਾਜ ਦਾ ਨਿਰਮਾਣ ਕਰਨਾ ਹੈ। ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਮੁਲਕਾਂ ਵਿਚ ਵੀ 1970 ਤੋਂ 80 ਤੱਕ ਬੜੀ ਵੱਡੀ ਵਿਦਿਆਰਥੀ ਲਹਿਰ ਵਿਕਸਿਤ ਹੋਈ। ਇਨ੍ਹਾਂ ਲਹਿਰਾਂ ਨੇ ਕਿੰਨੇ ਹੀ ਵੱਡੇ ਵੱਡੇ ਆਗੂ ਪੈਦਾ ਕੀਤੇ, ਵਿਚਾਰਵਾਨ ਪੈਦਾ ਕੀਤੇ ਅਤੇ ਵਿਦਿਆ ਪ੍ਰਦਾਨ ਕਰਨ ਵਾਲੇ ਅਧਿਆਪਕ ਪ੍ਰਦਾਨ ਕੀਤੇ ਜਿਨ੍ਹਾਂ ਵਿਚ ਸਮਾਜ ਦੀ ਚੰਗੀ ਸਮਝ ਸੀ। ਇਸ ਕਿਸਮ ਦੇ ਹੋਰ ਇਤਿਹਾਸਕ ਤਜਰਬਿਆਂ ਨੂੰ ਸਮਝਣਾ ਅਤੇ ਉਨ੍ਹਾਂ ਸਮਿਆਂ ਨੂੰ ਪੜ੍ਹਨਾ ਬੜਾ ਜ਼ਰੂਰੀ ਹੈ।

20ਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਆ ਕੇ ਸਿੱਖਿਆ ਦੇ ਖੇਤਰ ਵਿਚ ਤੱਤ ਅਤੇ ਸਮਝਦਾਰੀ ਦੇ ਪੱਖ ਤੋਂ ਗੰਭੀਰ ਸੰਕਟ ਉਤਪੰਨ ਹੋ ਜਾਂਦਾ ਹੈ। ਆਰਥਿਕ ਅਸਥਿਰਤਾ ਦਾ ਅਸਰ ਸਿੱਖਿਆ ਪ੍ਰਬੰਧ ਉਪਰ ਵੀ ਪੈਣ

ਲੱਗਦਾ ਹੈ। ਸਿੱਖਿਆ ਜੋ ਕਿ ਇਕ ਇਨਲੈਟਨਮੈਂਟ ਦਾ ਪ੍ਰੋਜੈਕਟ ਰਹੀ ਹੈ ਉਹ ਹੌਲੀ ਹੌਲੀ ਵਸਤੂ ਦਾ ਰੂਪ ਧਾਰਨ ਕਰ ਗਈ ਹੈ। ਸਿੱਖਿਆ ਪ੍ਰਬੰਧ ਨੂੰ ਪੂੰਜੀਵਾਦੀ ਪ੍ਰਬੰਧ ਨਾਲ ਜੋੜ ਕੇ ਦੇਖੇ ਤੋਂ ਬਿਨਾਂ ਸਿੱਖਿਆ ਪ੍ਰਤੀ ਸਹੀ ਸਮਝਦਾਰੀ ਨਹੀਂ ਬਣਾਈ ਜਾ ਸਕਦੀ। ਸਭ ਤੋਂ ਪਹਿਲਾਂ ਸਿੱਖਿਆ ਵਿਚ ਤਬਦੀਲੀਆਂ ਲਈ ਕਾਰਪੋਰੇਟ ਘਰਾਣੇ ਜਦੋਂ ਸਿੱਖਿਆ ਸੁਧਾਰਾਂ ਦੀ ਗੱਲ ਕਰਦੇ ਹਨ ਤਾਂ ਉਸ ਵਿਚ ਕਾਰਪੋਰੇਟ ਦੇ ਯੋਜਨਾਕਾਰ, ਪ੍ਰਾਈਵੇਟ ਫਾਉਂਡੇਸ਼ਨਜ਼, ਅਮਰੀਕਨ ਚੈਂਬਰ ਆਫ਼ ਕਮਰਸ, ਬਿਜਨਿਸ ਰਾਊਂਟ ਟੇਬਲ, ਅਮਰੀਕਨ ਸਰਕਾਰ ਦੀਆਂ ਯੋਜਨਾਵਾਂ ਅਤੇ ਪੂੰਜੀਵਾਦੀ ਪ੍ਰਬੰਧ ਵਿਚ ਵਿਸ਼ਵਾਸ ਰੱਖਣ ਵਾਲੇ ਘਰਾਣੇ ਇਸ ਵਿਚ ਸ਼ਾਮਲ ਕੀਤੇ ਜਾਂਦੇ ਹਨ। ਉਹ ਸਭ ਤੋਂ ਪਹਿਲਾਂ ਅਧਿਆਪਕਾਂ ਉਪਰ ਆਪਣਾ ਨਜਲਾਂ ਝਾੜਦੇ ਹਨ ਕਿ ਉਹ ਉਨ੍ਹਾਂ ਦੀਆਂ ਅਧਿਆਪਕ ਯੂਨੀਅਨਾਂ ਨੇ ਵਿਗਾੜ ਦਿੱਤੇ ਹਨ। ਉਨ੍ਹਾਂ ਦਾ ਪੜ੍ਹਨ ਪੜ੍ਹਾਉਣ ਨਾਲ ਸਰੋਕਾਰ ਨਹੀਂ ਰਿਹਾ। ਇਸੇ ਤਰ੍ਹਾਂ ਇਸ ਨਾਲ ਜੁੜੇ ਹੋਏ ਸਰਕਾਰੀ ਤੰਤਰ ਦੀਆਂ ਨਲਾਇਕੀਆਂ ਨੂੰ ਵੀ ਆਧਾਰ ਬਣਾ ਕੇ ਹਮਲਾ ਵਿੱਢਦੇ ਹਨ। ਅਸਲ ਵਿਚ ਇਸ ਪਿਛੇ ਮੁੱਖ ਮਕਸਦ ਇਹ ਹੁੰਦਾ ਹੈ ਕਿ ਚਲ ਰਹੇ ਸਿੱਖਿਆ ਪ੍ਰਬੰਧ ਨੂੰ ਇਕ ਨਵਾਂ ਮੋੜ ਦੇਣ ਦੀ ਚਾਲ ਚਲੀ ਜਾ ਰਹੀ ਹੁੰਦੀ ਹੈ ਜਿਸ ਵਿਚ ਸਿੱਖਿਆ ਦਾ ਕੇਂਦਰਬਿੰਦੁ ਵੀ ਤਬਦੀਲ ਕਰਨ ਦੀ ਯੋਜਨਾ ਹੁੰਦੀ ਹੈ ਕਿ ਸਿੱਖਿਆ ਦਾ ਕੰਮ ਹੁਣ ਬੱਚਿਆਂ ਅੰਦਰ ਬਹੁਪੱਖੀ ਸਮਝਦਾਰੀ ਵਿਕਸਿਤ ਕਰਨ ਦੀ ਥਾਂ ਉਨ੍ਹਾਂ ਨੂੰ ਸਿਰਫ਼ ਤਕਨੀਕੀ ਕਾਮੇ, ਕਾਇਦਾ ਕਾਨੂੰਨ ਮੰਨਣ ਵਾਲੇ ਅਤੇ ਹੇਠਲੀਆਂ ਜਮਾਤਾਂ ਨੂੰ ਅਜਿਹੇ ਅਨੁਸ਼ਾਸਨ ਵਿਚ ਬੰਨ੍ਹਣਾ ਕਿ ਉਹ ਸਮਝਦਾਰੀ ਦੇ ਤੌਰ ’ਤੇ ਇਹ ਕਬੂਲ ਕਰ ਜਾਣ ਕਿ ਅਜੋਕੇ ਸਮੇਂ ਵਿਚ ਸਿੱਖਿਆ ਦਾ ਮੁੱਖ ਮਕਸਦ ਸਿਰਫ਼ ਤਕਨੀਕ ਦੇ ਪੱਧਰ ’ਤੇ ਕਾਮੇ ਵਿਕਸਿਤ ਕਰਨਾ ਹੀ ਹੈ। ਇਸ ਸਮਝਦਾਰੀ ਦੇ ਤਹਿਤ ਇਨ੍ਹਾਂ ਤਬਦੀਲੀਆਂ ਨੂੰ ਵੱਡੇ ਸੁਧਾਰਾਂ ਦਾ ਨਾਂ ਦਿੱਤਾ ਗਿਆ। ਉਨ੍ਹਾਂ ਦੀ ਆਵਾਜ਼ ਨੂੰ ਅਤੇ ਟੀਚਿਆਂ ਨੂੰ ਇਕ ਅਜਿਹੇ ਝੂਠੇ ਅਤੇ ਫੋਬੀਏ ਵਾਲੇ ਫਰੇਮ ਵਰਗ ਵਿਚ ਬੰਨ੍ਹ ਦਿੱਤਾ ਗਿਆ ਤਾਂ ਕਿ ਤਾਕਤ ਦਾ ਸਮਤੋਲ ਚਲ ਰਹੇ ਪੂੰਜੀਵਾਦੀ ਤੰਤਰ ਦੇ ਪੱਖ ਵਿਚ ਹੋ ਜਾਵੇ। ਜੇ ਅਸੀਂ ਇਮਾਨਦਾਰਾਨਾ ਢੰਗ ਨਾਲ ਸਿੱਖਿਆ ਦੇ ਅਸਲ ਦ੍ਰਿਸ਼ ਨੂੰ ਦੇਖੀਏ ਤਾਂ ਇਹ ਸੱਤਾ ਦੇ ਹਿੱਸਿਆਂ ਦੇ ਨੇੜਲੇ ਪੁਰਜਿਆਂ ਵਲੋਂ ਪੂੰਜੀਵਾਦੀ ਵਿਕਾਸ ਤੇ ਮਾਡਲ ਨੂੰ ਸਥਾਪਤ ਕਰਨ ਦੇ ਪੱਖ ਤੋਂ ਤਾਂ ਠੀਕ ਹਨ। ਇਸ ਵਿਚ ਨਵੇਂ ਕਿਸਮ ਦੇ ਨਾਰਮ ਜਿਨ੍ਹਾਂ ਵਿਚ ਵਿਦਿਆ ਨੂੰ ਇਸ ਹੱਦ ਤੱਕ ਚਮਕਾ ਦਿੱਤਾ ਗਿਆ ਕਿ ਜੇ ਮੱਧ ਵਰਗ ਜਮਾਤ ਨੇ ਆਪਣਾ ਕੋਈ ਰੈਣ ਬਸੇਰਾ ਉਸਾਰਨਾ ਹੈ ਜਾਂ ਜ਼ਿੰਦਗੀ ਗੁਜਾਰਨੀ ਹੈ ਤਾਂ ਉਸ ਨੂੰ ਇਹ ਸਿੱਖਿਆ ਹਾਸਲ ਕਰਨੀ ਪਵੇਗੀ। ਇਸ ਸਿੱਖਿਆ ਸੁਧਾਰ ਦੇ ਏਜੰਡੇ ਦਾ ਤਰਸਯੋਗ ਪਹਿਲੂ ਇਹ ਹੈ ਕਿ ਨਿੱਜੀਕਰਨ ਰਾਹੀਂ ਹੇਠਲੇ ਮੱਧ ਵਰਗ ਜਮਾਤ ਦੇ ਹਿੱਸੇ ਨੂੰ ਤਾਂ ਸਿੱਖਿਆ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ ਕਿਉਂਕਿ ਉਹ ਪ੍ਰਾਈਵੇਟ ਸਿੱਖਿਆ ਹਾਸਲ ਕਰ ਹੀ ਨਹੀਂ ਸਕਦੇ। ਇਨ੍ਹਾਂ ਨਿੱਜੀ ਸੰਸਥਾਵਾਂ ਵਿਚ ਕਿਸੇ ਕਿਸਮ ਦੇ ਵਿਚਾਰਾਂ ਲਈ ਕੋਈ ਥਾਂ ਨਹੀਂ। ਇਥੋਂ ਤੱਕ ਬੜੇ ਛੋਟੇ ਕਿਸਮ ਦਾ ਸਿਲੇਬਸ, ਅਜਿਹਾ ਸਭਿਆਚਾਰ ਜਿਸ ਵਿਚ ਆਗਿਆਕਾਰੀ ਅਤੇ ਚਲ ਰਹੇ ਪ੍ਰਬੰਧ ਦੇ ਕੰਟਰੋਲ ਵਿਚ ਰਹਿਣ ਦੀ ਜਾਚ ਰੱਖਣ ਵਾਲਾ ਵਿਅਕਤੀ ਵਿਕਸਿਤ ਹੋਵੇ। ਇਸ ਸਿੱਖਣ ਪ੍ਰਕਿਰਿਆ ਦੀ ਅਸਲ ਪਰਿਭਾਸ਼ਾ ਇਹ ਬਣਦੀ ਹੈ ਕਿ ਨੌਕਰੀ ਲਈ ਟਰੇਨਿੰਗ ਅਤੇ ਸਿੱਖਿਆ ਹੀ ਅਸਲ ਅਜੋਕੀ ਸਿੱਖਿਆ ਹੈ। ਜਿਹੜੀ ਸਿਰਫ਼ ਅਜਿਹੇ ਪੁਰਜੇ ਨੂੰ ਵਿਕਸਿਤ ਕਰਦੀ ਹੈ ਜੋ ਸਿਰਫ਼ ਮੰਡੀ ਵਿਚ ਵਿਕਣ ਜੋਗਾ ਹੁੰਦਾ ਹੈ। ਇਸ ਦੇ ਦੂਸਰੇ ਪੱਖ ਜੇ ਭਾਲਣੇ ਹੋਣ ਤਾਂ ਸਿੱਖਿਆ ਦੇ ਉਨ੍ਹਾਂ ਸਿਧਾਂਤਾਂ ਵਿਚ ਭਾਲੇ ਜਾ ਸਕਦੇ ਹਨ ਜਿਨ੍ਹਾਂ ਵਿਚ ਮਨੁੱਖ ਦੇ ਬਹੁਪੱਖੀ ਵਿਕਾਸ ਦੀ ਗੱਲ ਕੀਤੀ ਗਈ ਹੁੰਦੀ ਹੈ ਜਿਸ ਵਿਚ ਉਸ ਦੇ ਸਭਿਆਚਾਰ, ਵਿਅਕਤੀਗਤ ਯੋਗਤਾ, ਇਕ ਦੂਸਰੇ ਭਾਈਚਾਰੇ ਪ੍ਰਤੀ ਪਿਆਰ ਮੁਹੱਬਤ ਬੁਨਿਆਦੀ ਨੁਕਤੇ ਹੁੰਦੇ ਹਨ। ਇਸ ਵਿਚ ਇਸ ਕਿਸਮ ਦੀ ਸਕਿਲ ਨੂੰ ਵਿਕਸਿਤ ਕੀਤਾ ਜਾਂਦਾ ਹੈ ਜਿਸ ਰਾਹੀਂ ਵਿਦਿਆਰਥੀ ਵਿਚ ਨੁਕਤਾਚੀਨੀ ਦੇ ਦ੍ਰਿਸ਼ਟੀਕੋਣ ਤੋਂ ਗੁਣ ਉਤਪੰਨ ਹੋ ਸਕਣ। ਇਸ ਕਿਸਮ ਦੀ ਸਿੱਖਿਆ ਹੁਣ ਸ਼ਾਇਦ ਬੀਤੇ ਦੀ ਕਹਾਣੀ ਬਣ ਗਈ ਹੈ। ਕਦੀ ਕਦੀ ਨੌਜਵਾਨ ਆਪਣੇ ਸੰਘਰਸ਼ਾਂ ਵਿਚੋਂ ਇਸ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਕੈਰੋ ਦੇ ਤਰਿਰ ਸਕੇਅਰ ਵਿਚ ਸਾਡੇ ਸਾਹਮਣੇ ਵਪਾਰਿਆ ਹੈ। ਇਸ ਕਿਸਮ ਦੇ ਵਰਤਾਰੇ ਦੁਨੀਆ ਦੇ ਇਤਿਹਾਸ ਵਿਚ 1970ਵਿਆਂ ਤੋਂ ਪਹਿਲਾਂ ਬਹੁਤ ਵਾਪਰਦੇ ਸਨ। ਵੀਅਤਨਾਮ ਦੇ ਵਿਦਿਆਰਥੀਆਂ ਦੇ ਇਤਿਹਾਸ ਨੂੰ ਹਰ ਕੋਈ ਯਾਦ ਰੱਖਦਾ ਹੈ।

ਸਥਾਪਤ ਨਵਉਦਾਰਵਾਦ ਦੇ ਮੈਟਾਫਰ ਨੇ ਉਮੀਦ ਅਤੇ ਤਾਕਤਵਰ ਸਕੂਲਾਂ ਨੂੰ ਬਿਜਨਿਸ ਦਾ ਕੇਂਦਰਬਿੰਦੂ ਬਣਾ ਦਿੱਤਾ ਹੈ ਜਿਸ ਵਿਚ ਅਧਿਆਪਕ ਕਾਮੇ ਹੁੰਦੇ ਹਨ, ਵਿਦਿਆਰਥੀ ਵਸਤੂਆਂ ਹੁੰਦੀਆਂ ਹਨ ਜਿਸ ਵਿਚ ਨਿੱਜੀ ਸਰਮਾਏ ਦੇ ਵਿਕਾਸ ਲਈ ਸੋਚ ਵਿਕਸਿਤ ਕੀਤੀ ਜਾਂਦੀ ਹੈ। ਜਿਨ੍ਹਾਂ ਵਿਚ ਵਿਰੋਧੀ ਵਿਚਾਰ ਨੂੰ ਹਾਜ਼ਮ ਕਰਨ ਦੀ ਜਾਚ ਜ਼ੀਰੋ ਪ੍ਰਤੀਸ਼ਤ ਹੁੰਦੀ ਹੈ। ਅਸਲ ਵਿਚ ਇਸ ਨੂੰ ਹੀ ਅੱਜ ਕੱਲ੍ਹ ਸਿੱਖਿਆ ਸੁਧਾਰ ਕਿਹਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਵਿਦਿਆਰਥੀ ਬਿਜਨਿਸ ਯੋਜਨਾਵਾਂ ਤਹਿਤ ਸਕੂਲਾਂ ਵਿਚ ਜਾਂਦੇ ਹਨ ਅਤੇ ਸਕੂਲ ਇਨ੍ਹਾਂ ਯੋਜਨਾਵਾਂ ਵਿਚ ਪ੍ਰਾਈਵੇਟ ਮਾਲਕਾਂ ਦਾ ਰੁਜ਼ਗਾਰ ਚਲਦਾ ਹੈ। ਜਿਨ੍ਹਾਂ ਨੂੰ ਸਿੱਖਿਆ ਦੀ ਮਹੱਤਤਾ ਬਾਰੇ ਜ਼ੀਰੋ ਪ੍ਰਤੀਸ਼ਤ ਪਤਾ ਹੁੰਦਾ ਹੈ। ਸਥਿਤੀ ਦਾ ਨਿਰਾਸ਼ਾਜਨਕ ਪਹਿਲੂ ਇਹ ਹੈ ਕਿ ਇਨ੍ਹਾਂ ਸੰਸਥਾਵਾਂ ਵਿਚ ਕਿਸੇ ਕਿਸਮ ਦੇ ਵਿਦਿਆਰਥੀਆਂ ਲਈ ਲਾਇਬ੍ਰੇਰੀ, ਸਭਿਆਚਾਰਕ ਗਤੀਵਿਧੀਆਂ, ਚੁਣੀਆਂ ਹੋਈਆਂ ਜਥੇਬੰਦੀਆਂ ਆਦਿ ਲਈ ਕੋਈ ਵੀ ਥਾਂ ਨਹੀਂ ਹੁੰਦੀ। ਇਸ ਸਭ ਕੁਝ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਜੋਕੇ ਦੌਰ ਦੇ ਵਿਦਿਆਰਥੀ ਬੌਧਿਕ ਪੱਧਰ ’ਤੇ ਕਮਜ਼ੋਰ ਅਤੇ ਸਮਾਜ ਨਾਲ ਜਿਨ੍ਹਾਂ ਦਾ ਕੋਈ ਸਰੋਕਾਰ ਨਹੀਂ ਬਣਦਾ ਉਹ ਵਿਕਸਿਤ ਹੋ ਰਹੇ ਹਨ। ਸਿਰਫ਼ ਕੁਝ ਹੱਦ ਤੱਕ ਤਕਨਾਲੋਜੀ ਨੂੰ ਆਪਣੇ ਕੰਟਰੋਲ ਵਿਚ ਕਰਨਾ ਸਿੱਖ ਜਾਂਦੇ ਹਨ। ਪ੍ਰਬੰਧ ਦੇ ਕਾਇਦੇ ਕਾਨੂੰਨਾਂ ਨੂੰ ਸਿੱਖ ਜਾਂਦੇ ਹਨ। ਆਪਣੀ ਯੋਗਤਾ ਨੂੰ ਸਥਾਪਤ ਕਿਸਮ ਦੇ ਟੈਸਟਾਂ ਰਾਹੀਂ, ਗਰੇਡਾਂ ਰਾਹੀਂ ਜੱਜ ਕਰਦੇ ਹਨ। ਇਹ ਇਕ ਅਜਿਹੀ ਪੌੜੀ ਦਰ ਪੌੜੀ ਯੋਜਨਾ ਬਣ ਗਈ ਹੈ ਜੋ ਕਿ ਹਰੇਕ ਥਾਂ ਚਲ ਰਹੀ ਹੈ ਜਿਸ ਵਿਚ ਅਧਿਆਪਕ ਅਤੇ ਵਿਦਿਆਰਥੀ ਸੰਸਥਾਵਾਂ ਦੇ ਬਿਨਾਂ ਮਨ ਤੋਂ, ਰੋਜ਼ਾਨਾ ਕਾਰਵਿਹਾਰ, ਕਲਰਕਾਂ ਵਰਗੇ ਕੰਮਾਂ ਵਿਚ ਵਿਅਸਤ ਅਧਿਆਪਕ, ਇਧਰ ਉਧਰ ਦੀ ਯੋਜਨਾ ਪਹੁੰਚਾਉਣ ਵਾਲੇ ਕਰਿੰਦੇ ਦੇ ਤੌਰ ’ਤੇ ਕਾਰਜਸ਼ੀਲ ਹਨ ਜਿਨ੍ਹਾਂ ਦੀ ਸਮੁੱਚੀ ਪ੍ਰਕਿਰਿਆ ਵਿਚ ਕਿਸੇ ਕਿਸਮ ਦਾ ਵੀ ਡੂੰਘਾ ਸੁਪਨਾ ਨਹੀਂ ਉਸਰਿਆ ਹੁੰਦਾ।

ਇਕ ਅਜ਼ਾਦ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਉਸ ਕਿਸਮ ਦੇ ਦਿਮਾਗਾਂ ਨੂੰ ਵਿਕਸਿਤ ਕੀਤਾ ਜਾਵੇ ਜੋ ਆਪਣੀ ਖੁਦ ਦੀ ਦਲੀਲ ਬਣਾ ਸਕਣ।ਆਪਣੀ ਜਜਮੈਂਟ ਦੇ ਸਕਣ।ਆਪਣੇ ਅੰਦਰ ਛੁਪੀ ਤਾਕਤ ਨੂੰ ਸਮਝ ਸਕਣ ਅਤੇ ਨਵੀਆਂ ਕਾਢਾਂ ਕੱਢਣ ਲਈ ਆਪਣੇ ਦਿਮਾਗਾਂ ਨੂੰ ਵਰਤ ਸਕਣੇ। ਇਸ ਕਿਸਮ ਦੇ ਸਵਾਲ ਨੂੰ ਆਵਾਜ਼ ਦੇਣੀ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ ਜਿਸ ਵਿਚ ਵਿਦਿਆਰਥੀ ਇਹ ਸਮਝ ਸਕੇ ਕਿ ਇਸ ਸੰਸਾਰ ਵਿਚ ਮੈਂ ਕੀ ਹਾਂ! ਮੈਂ ਇਸ ਸਥਿਤੀ ਵਿਚ ਕਿਵੇਂ ਪਹੁੰਚਿਆ ਹਾਂ! ਇਸ ਸੰਸਾਰ ਵਿਚ ਮੇਰੀਆਂ ਯੋਜਨਾਵਾਂ ਅਤੇ ਮੇਰੇ ਨਿਭਾਅ ਲਈ ਕੀ ਕੀ ਚਾਨਸਸ ਹਨ।ਮੈਂ ਇਹ ਵੀ ਸਿੱਖ ਸਕਾਂ ਕਿ ਮੇਰੇ ਟੀਚਰ ਨੂੰ ਕਿਹੜੀਆਂ ਗੱਲਾਂ ਦਾ ਪਤਾ ਹੀ ਨਹੀਂ! ਮੈਂ ਇਹ ਕਹਾਣੀ ਵੀ ਸਿੱਖ ਸਕਾਂ ਕਿ ਮੇਰੀ ਦੂਜਿਆਂ ਪ੍ਰਤੀ ਕੀ ਜ਼ਿੰਮੇਵਾਰੀਆਂ ਹਨ!

ਵਿਦਿਆ ਦੇ ਅਸਲ ਮਕਸਦਾਂ ਵਿਚ ਸਿੱਖਿਆ ਦੇ ਅੰਦਰੂਨੀ ਚਲਣ ਢੰਗ ਤੋਂ ਇਲਾਵਾ ਲਾਤੀਨੀ ਅਮਰੀਕਾ ਦੇ ਪ੍ਰਸਿੱਧ ਵਿਦਵਾਨ ਪਾਲ ਫਰਾਰੇ ਤੋਂ ਸਬਕ ਸਿੱਖਣ ਦੀ ਲੋੜ ਹੈ ਜਿਸ ਨੇ ਇਹ ਨਤੀਜਾ ਕੱਢਿਆ ਸੀ ਕਿ ਹਰੇਕ ਸਥਿਤੀ ਨੂੰ ਸਮਝਣਾ ਚਾਹੀਦਾ ਹੈ, ਉਸ ਵਿਚ ਆਪਣੀ ਆਵਾਜ਼ ਖੜ੍ਹੀ ਕਰਨੀ ਚਾਹੀਦੀ ਹੈ। ਲੋਕਾਂ ਦੇ ਰੋਜ਼ਮਰਾਂ ਦੇ ਜੀਵਨ ਢੰਗਾਂ ਅਤੇ ਤਜਰਬਿਆਂ 'ਚੋਂ ਸਿੱਖ ਕੇ ਆਪਣੀ ਸਮਝਦਾਰੀ ਵਿਕਸਿਤ ਕਰਨੀ ਚਾਹੀਦੀ ਹੈ ਪਰ ਅੱਜ ਸਥਿਤੀ ਇਹ ਹੈ ਕਿ ਮੱਧ ਵਰਗ ਇਕ ਚੂਹਾ ਦੌੜ ਵਿਚ ਬੱਚੇ ਨੂੰ ਸਿਰਫ਼ ਉਸ ਦੇ ਅੰਕਾਂ ਦੀ ਪ੍ਰਤੀਸ਼ਤਤਾ ਵਿਚੋਂ ਦੇਖਦੀ ਹੈ। ਇਸ ਦਾ ਮਾੜਾ ਪਹਿਲੂ ਇਹ ਹੈ ਕਿ ਗਰੀਬ ਬੱਚੇ ਇਕ ਅਜਿਹੇ ਸਭਿਆਚਾਰ ਵਿਚ ਘਿਰੇ ਹੋਏ ਮਹਿਸੂਸ ਕਰਦੇ ਹਨ ਜਿਨ੍ਹਾਂ ਨੂੰ ਲਗਦਾ ਹੈ ਕਿ ਅਸੀਂ ਆਰਥਿਕ ਤੌਰ 'ਤੇ ਹੀ ਕਮਜ਼ੋਰ ਨਹੀਂ ਹਾਂ ਬਲਕਿ ਸਭਿਆਚਾਰਕ ਗਰੀਬੀ ਵੀ ਸਿੱਖਿਆ ਦੇ ਇਸ ਢੰਗ ਰਾਹੀਂ ਬਣਾਈ ਜਾ ਰਹੀ ਹੈ ਜਿਸ ਦਾ ਅਸੀਂ ਅੰਗ ਹਾਂ। ਇਸ ਨਾਲ ਸਿੱਖਿਆ ਆਪਣੇ ਅਸਲ ਟੀਚੇ ਤੋਂ ਹਿਲਾ ਦਿੱਤੀ ਗਈ ਹੈ।

ਸਿੱਖਿਆ ਨਾਲ ਜੁੜੇ ਹੋਏ ਹਿੱਸਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਕਿਸਮ ਦੇ ਕਾਰਜ ਕਰਨ ਜਿਸ ਨਾਲ ਸਿੱਖਿਆ ਦੇ ਸਵਾਲ ਨੂੰ ਵਸਤੂ/ਜਿਣਸ ਬਣਨ ਵਾਲੀ ਪ੍ਰਕਿਰਿਆ ਤੋਂ ਪਰ੍ਹੇ ਕੀਤਾ ਜਾ ਸਕੇ ਜੋ ਹੁਣ ਸਿੱਖਿਆ ਦੇ ਸਿਧਾਰਾਂ ਦੇ ਨਾਂ 'ਤੇ ਬਣਾਈ ਜਾ ਰਹੀ ਹੈ। ਸਿੱਖਿਆ ਦਾ ਅਸਲ ਮਕਸਦ ਇਕ ਰੋਸ਼ਨ ਦਿਮਾਗ ਵਿਕਸਿਤ ਕਰਨਾ ਹੁੰਦਾ ਹੈ ਜੋ ਆਪਣੀਆਂ ਦੇਖਣ ਵਾਲੀ ਦ੍ਰਿਸ਼ਟੀ ਰਾਹੀਂ ਹਾਲਾਤ ਨੂੰ ਸਮਝ ਸਕੇ ਅਤੇ ਉਸ ਨੂੰ ਤਬਦੀਲ ਕਰਨ ਵਿਚ ਆਪਣਾ ਯੋਗਦਾਨ ਪਾ ਸਕੇ। ਇਹ ਯੋਗਤਾ ਰਾਹੀਂ ਹਰ ਕਿਸਮ ਦੀਆਂ ਮਾਨਵਤਾ ਦੇ ਸਵਾਲ 'ਤੇ ਲੱਗੀਆਂ ਬੇੜੀਆਂ ਨੂੰ ਉਤਾਰ ਕੇ ਇਕ ਆਜ਼ਾਦ ਮਨੁੱਖ ਵਿਕਸਿਤ ਕਰਨ ਵੱਲ ਨੂੰ ਰਸਤਾ ਦੇਣਗੀਆਂ।

ਉਪਰੋਕਤ ਸੰਦਰਭ ਵਿਚ ਸਿੱਖਿਆ ਸਬੰਧੀ ਸੋਚਦਿਆਂ ਇਸ ਗੱਲ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਸਿੱਖਿਆ ਕਦੇ ਵੀ ਵਪਾਰ/ਮੰਡੀ ਦਾ ਹਿੱਸਾ ਨਹੀਂ ਰਹੀ। ਵੈਲਫੇਅਰ ਸਟੇਟ ਦੀ ਧਾਰਨਾ ਜਿਹੜੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਜਮਹੂਰੀਅਤ ਨੂੰ ਸਥਾਪਤ ਕਰਨ ਦੀ ਰਹੀ ਹੈ ਉਸ ਵਿਚ ਸਿੱਖਿਆ ਪ੍ਰਦਾਨ ਕਰਨੀ ਰਾਜ ਦਾ ਹਿੱਸਾ ਰਿਹਾ ਹੈ। ਲੋਕਾਂ ਨੇ ਬੜੇ ਲੰਬੇ ਸੰਘਰਸ਼ਾਂ ਤੋਂ ਬਾਅਦ ਇਹ ਗੱਲ ਸਥਾਪਤ ਕਰਵਾਈ ਕਿ ਸਿੱਖਿਆ ਦੇਣੀ ਰਾਜ ਦੀ ਜ਼ਿੰਮੇਵਾਰੀ ਹੈ। ਪ੍ਰੰਤੂ ਜਿਸ ਕਦਰ ਕੈਨੇਡੀਅਨ ਸਰਕਾਰ ਨੇ ਪਿਛਲੇ ਸਮੇਂ 'ਚ ਸਿੱਖਿਆ ਦੇ ਸੁਧਾਰਾਂ ਦੇ ਨਾਂ ਹੇਠ ਨਿੱਜੀਕਰਨ ਵਲ ਕਦਮ ਪੁੱਟੇ ਹਨ ਉਸ ਰਾਹੀਂ ਪਿਛਲੇ ਦੋ ਦਹਾਕਿਆਂ 'ਚ ਜੋ ਕਾਰਪੋਰੇਟ ਘਰਾਣੇ ਸਰਮਾਏ ਇਕੱਤਰ ਕਰਨ ਵਿਚ ਕਾਮਯਾਬ ਹੋਏ ਹਨ ਉਨ੍ਹਾਂ ਨੇ ਹੁਣ ਕਿਉਂਕਿ ਸਰਕਾਰਾਂ ਨੇ ਸਿੱਖਿਆ ਤੋਂ ਹੱਥ ਪਰੇ ਖਿੱਚਣੇ ਸ਼ੁਰੂ ਕਰ ਦਿੱਤੇ ਹਨ ਤਾਂ ਇਨ੍ਹਾਂ ਘਰਾਣਿਆਂ ਨੇ ਆਪਣਾ ਸਰਮਾਇਆ ਲਗਾ ਕੇ ਸਿੱਖਿਆ ਨੂੰ ਖੁੱਲ੍ਹੀ ਮੰਡੀ ਦੇ ਕਾਇਦੇ ਕਾਨੂੰਨ ਤਹਿਤ ਵੇਚਣ ਅਤੇ ਖਰੀਦਣ ਵਾਲੀ ਵਸਤੂ ਬਣਾ ਕੇ ਇਸ ਵਿਚ ਆਪਣੀ ਸਥਾਪਤੀ ਕਰਨੀ ਸ਼ੁਰੂ ਕਰ ਦਿੱਤੀ ਹੈ।ਲਗਾਤਾਰ ਪਛੜੇ ਮੁਲਕਾਂ 'ਚ ਤਾਂ ਇਹ ਵਰਤਾਰਾ ਕਿਸੇ ਨਾ ਕਿਸੇ ਰੂਪ ਵਿਚ ਸੰਘਰਸ਼ ਦਾ ਹਿੱਸਾ ਬਣਿਆ ਜਦੋਂ ਵਿਕਸਿਤ ਮੁਲਕਾਂ ਵਿਚ ਵੀ ਇਹ ਪ੍ਰਕਿਰਿਆ ਤੁਰੀ ਤਾਂ ਲੋਕਾਂ ਨੇ ਸਿੱਖਿਆ ਦੇ ਸਵਾਲ ਉਪਰ ਮੁੜ ਸੋਚਣਾ ਸ਼ੁਰੂ ਕੀਤਾ ਹੈ। ਅਮਰੀਕਾ ਵਿਚ ਜਦੋਂ ਵੇਲਆਊਟ ਦਾ ਸਮਾਂ ਪਿਛਲੇ ਦੋ ਸਾਲਾਂ 'ਚ ਆਇਆ ਤਾਂ ਕਈ ਸੰਸਥਾਵਾਂ ਦੀ ਹਾਲਤ ਇਹ ਬਣ ਗਈ ਸੀ ਕਿ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਹ ਕਹਿ ਦਿੱਤਾ ਕਿ ਉਹ ਉਨ੍ਹਾਂ ਨੂੰ ਸਹੂਲਤਾਂ ਤੇ ਤਨਖਾਹਾਂ ਵੀ ਮੁਹੱਈਆ ਨਹੀਂ ਕਰਵਾ ਸਕਦੇ। ਜਿਥੇ ਜਿਥੇ ਅਧਿਆਪਕ ਅਤੇ ਵਿਦਿਆਰਥੀ ਜਥੇਬੰਦੀਆਂ ਮਜਬੂਤ ਸਨ ਉਥੇ ਲੋਕਾਂ ਨੇ ਖੁਦਮੁਖਤਿਆਰ ਹੋ ਕੇ ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਲਈ ਅੱਗੇ ਆਉਣ ਦਾ ਫੈਸਲਾ ਕੀਤਾ ਜਿਸ ਦੀ ਸਪਸ਼ਟ ਉਦਾਹਰਣ ਸ਼ਿਕਾਗੋ ਵਿਚ ਦੇਖਣ ਨੂੰ ਮਿਲੀ। ਜਦੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਟੋ ਵਰਕਰਜ਼ ਦੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਇਹ ਫੈਸਲਾ ਕਰ ਲਿਆ ਕਿ ਸੰਸਥਾ ਅਸੀਂ ਆਪਣੇ ਬਲਬੂਤੇ ਨਾਲ ਚਲਾਵਾਂਗੇ। ਇਸ ਤਰ੍ਹਾਂ ਦੀਆਂ ਘਟਨਾਵਾਂ ਅਤੇ ਵਰਤਾਰਿਆਂ ਤੋਂ ਇਹ ਸਬਕ ਸਿੱਖਣ ਦੀ ਲੋੜ ਹੈ ਕਿ ਸਰਕਾਰਾਂ ਪਿਛਲੇ ਦੋ ਦਹਾਕਿਆਂ ਤੋਂ ਦੁਨੀਆ ਦੇ ਵੱਖ-ਵੱਖ ਕੋਨਿਆਂ 'ਤੇ ਆਪਣੀ ਜੰਗੀ ਤਾਕਤ ਤਾਂ ਦਿਖਾ ਰਹੀਆਂ ਹਨ ਪ੍ਰੰਤੂ ਲੋਕਾਂ ਨੂੰ ਘਰੇਲੂ ਸਹੂਲਤਾਂ ਦੇਣ ਤੋਂ ਵੀ ਕੰਨੀ ਕਤਰਾ ਰਹੀਆਂ ਹਨ ਜਿਸ ਦੀ ਸਪਸ਼ਟ ਉਦਾਹਰਣ ਅਮਰੀਕਾ ਤੇ ਕੈਨੇਡਾ ਦੀ ਆਰਥਿਕਤਾ ਦੇ ਚਲਣ ਢੰਗ ਵਿਚ ਪਿਆ ਹੈ।ਸੋ ਇਸ ਵੇਲੇ ਸਿੱਖਿਆ ਦੇ ਸਵਾਲ ਨੂੰ ਸਿਹਤ ਸਹੂਲਤਾਂ ਦੇ ਸਵਾਲ ਵਾਂਗ ਅਹਿਮ ਸਥਾਨ ਰੱਖਦੇ ਹੋਏ ਮੰਗ ਕਰਨੀ ਚਾਹੀਦੀ ਹੈ ਕਿ ਸਿੱਖਿਆ ਸਰਕਾਰ ਨੂੰ ਹੀ ਪ੍ਰਦਾਨ ਕਰਨੀ ਚਾਹੀਦੀ ਹੈ ਕਿਉਂਕਿ ਲੋਕ ਲਗਾਤਾਰ ਆਪਣੇ ਟੈਕਸਾਂ ਰਾਹੀਂ ਸਰਕਾਰੀ ਖਜ਼ਾਨਿਆਂ ਵਿਚ ਪੈਸਾ ਦਿੰਦੇ ਹਨ। ਉਨ੍ਹਾਂ ਦਾ ਹੱਕ ਵੀ ਹੈ ਕਿ ਉਹ ਸਰਕਾਰ ਤੋਂ ਉਪਰੋਕਤ ਸਹੂਲਤਾਂ ਦੀ ਮੰਗ ਕਰਨ ਉਸ ਵਿਚ ਸੁਧਾਰ ਕਰਨ ਅਤੇ ਉਸ ਵਿਚ ਕਿਸੇ ਕਿਸਮ ਦਾ ਵਿਤਕਰੇ ਵਾਲਾ ਐਜੂਕੇਸ਼ਨ ਦਾ ਪ੍ਰਬੰਧ ਨਾ ਹੋਵੇ।ਇਥੋਂ ਤੱਕ ਕਿ ਇੰਗਲੈਂਡ ਵਿਚ ਨੈਸ਼ਨਲ ਟੀਚਰ ਯੂਨੀਅਨ ਅਤੇ ਵਿਦਿਆਰਥੀ ਯੂਨੀਅਨਾਂ ਨੇ ਅਕੈਡਮੀਆਂ ਦਾ ਲਗਾਤਾਰ ਵਿਰੋਧ ਰੱਖਿਆ ਹੋਇਆ ਹੈ। ਅਕਸਰ ਸਰਕਾਰਾਂ ਰਿਜਲਟਾਂ ਦੇ ਬਹਾਨੇ ਅਤੇ ਯੂਨੀਅਨਬਾਜ਼ੀ ਸਥਾਪਤ ਹੋਣ ਦੇ ਬਹਾਨੇ ਲਗਾ ਕੇ ਸਿੱਖਿਆ ਸੁਧਾਰਾਂ ਦੇ ਨਾਂ ਹੇਠ ਨਿੱਜੀਕਰਨ ਵੱਲ ਨੂੰ ਕਦਮ ਪੁੱਟਦੀਆਂ ਹਨ। ਇਸ ਕਰਕੇ ਮਿਲੇ ਹੋਏ ਵੈਲਫੇਅਰ ਰਾਜ ਦੇ ਸਹੂਲਤਾਂ ਵਾਲੇ ਹਿੱਸਿਆਂ ਨੂੰ ਬਰਕਰਾਰ ਰੱਖਣ ਲਈ ਜਦੋ-ਜਹਿਦ ਕਰਨੀ ਅਤੇ ਇਸ ਨੂੰ ਰਾਜਨੀਤੀ ਵਿਚ ਸਥਾਪਤ ਕਰਨਾ ਸਮੇਂ ਦੀ ਵੱਡੀ ਲੋੜ ਹੈ।

- ਦਰਸ਼ਨ ਸਿੰਘ ਤੂਰ

# ਪ੍ਰਤੀਬੱਧਤਾ ਦੀ ਮਿਸਾਲ ਗੁਰਸ਼ਰਨ ਭਾਅ ਜੀ ਨੂੰ ਸਲਾਮ !

ਪੰਜਾਬ ਦੀ ਸਿਆਸਤ, ਸਭਿਆਚਾਰ, ਆਰਥਿਕਤਾ, ਸਾਹਿਤ ਵਿਚ ਸਮੇਂ ਸਮੇਂ 'ਤੇ ਬਦਲਾਅ ਆਉਂਦੇ ਰਹੇ ਹਨ ਜਿਸ ਕਰਕੇ ਲੋਕਾਂ ਦੇ ਜੀਵਨ 'ਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਕੋਈ ਨਾ ਕੋਈ ਅਸਰ ਜ਼ਰੂਰ ਪਿਆ ਹੈ। ਬਦਲਾਅ ਦੇ ਨਾਲ ਹੌਲੀ ਹੌਲੀ ਲੋਕ ਆਪਣੀ ਪ੍ਰਤੀਬੱਧਤਾ ਵੀ ਘਟਾਉਂਦੇ ਗਏ ਅਤੇ ਸਮਾਜਿਕ ਮਸਲਿਆਂ ਪ੍ਰਤੀ ਆਪਣੀ ਸਮਝਦਾਰੀ ਸਹੀ ਢੰਗ ਨਾਲ ਪੇਸ਼ ਕਰਨ ਤੋਂ ਕੰਨੀ ਵੀ ਕਰਤਾਉਂਦੇ ਰਹੇ ਪ੍ਰੰਤੂ ਪੰਜਾਬੀ ਜਗਤ ਨੂੰ ਇਸ ਗੱਲ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਕਿ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਆਪਣਾ ਮਹਿਸੂਸ ਕਰਕੇ ਉਨ੍ਹਾਂ ਦੇ ਦਰਦਾਂ ਨੂੰ ਦੂਰ ਕਰਨ ਲਈ ਉਨ੍ਹਾਂ ਲਈ ਸਦਾ ਗੜਕਵੀਂ ਆਵਾਜ਼, ਸੋਚ, ਸਮਝਦਾਰੀ ਅਤੇ ਦਿਸ਼ਾ ਦਾ ਕਾਰਜ ਕਾਰਨ ਵਾਲੀ ਸ਼ਖ਼ਸੀਅਤ ਗੁਰਸ਼ਰਨ ਭਾਅ ਜੀ ਇਤਿਹਾਸ ਵਿਚ ਇਸ ਕਿਸਮ ਨਾਲ ਆਪਣਾ ਨਾਂ ਦਰਜ ਕਰਵਾ ਗਏ ਹਨ ਕਿ ਬਰਾਬਰਤਾ ਦੇ ਸਮਾਜ ਲਈ ਇਕ ਜੀਵਨ ਤਾਂ ਕੀ ਕਈ ਜੀਵਨ ਵੀ ਲਗਾਉਣੇ ਪੈਣ ਤਾਂ ਉਸ ਤੋਂ ਕੰਨੀ ਨਹੀਂ ਕਤਰਾਉਣੀ ਚਾਹੀਦੀ। ਕਹਿਣੀ ਅਤੇ ਕਰਨੀ ਦੇ ਸੁਮੇਲ ਦੀ ਮਿਸਾਲ ਗੁਰਸ਼ਰਨ ਭਾਅ ਜੀ ਜੀਵਨ ਦੇ ਅੰਤਲੇ ਪਲਾਂ ਤੱਕ ਪੰਜਾਬ ਦੀ ਰਾਜਨੀਤੀ ਨੂੰ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਇਕ ਬਦਲ ਮੁਹੱਈਆ ਕਰਨ ਵਾਲੇ ਲੋਕਾਂ ਦੇ ਆਗੂ ਸਨ। ਹਰ ਇਕ ਨੂੰ ਇਸ ਗੱਲ ਦਾ ਫਖਰ ਮਹਿਸੂਸ ਹੁੰਦਾ ਸੀ ਕਿ ਜੋ ਗੱਲ ਗੁਰਸ਼ਰਨ ਭਾਅ ਜੀ ਕਹਿ ਰਹੇ ਹਨ ਉਹ ਸਾਨੂੰ ਮੰਨ ਕੇ ਇਸ ਸਮਾਜਿਕ ਤਬਦੀਲੀ ਵਾਲੀ ਲੜਾਈ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਗੁਰਸ਼ਰਨ ਭਾਅ ਜੀ ਸਿਰਫ਼ ਲੋਕਾਂ ਨੂੰ ਨਾਟਕਾਂ ਦੇ ਪੱਧਰ 'ਤੇ ਜਾਗਰੂਕ ਕਰਨ ਤੱਕ ਹੀ ਸੀਮਤ ਨਹੀਂ ਸਨ ਬਲਕਿ ਉਹ ਪਿੰਡ ਦੇ ਚੌਰਾਹੇ ਵਿਚ ਇਕ ਇਸ ਕਿਸਮ ਦੀ ਆਵਾਜ਼ ਛੱਡ ਕੇ ਜਾਂਦੇ ਸਨ ਜਿਸ ਨਾਲ ਸਮੇਂ ਦੇ ਤਾਕਤਵਰ ਲੋਕਾਂ ਲਈ ਇਕ ਗੂੰਜ ਦਾ ਕੰਮ ਕਰਦੀ ਸੀ ਅਤੇ ਉਨ੍ਹਾਂ ਨੂੰ ਲਗਾਤਾਰ ਕੰਬਣੀਆਂ ਛੇੜ ਕੇ ਰੱਖਦੀ ਸੀ। ਪੰਜਾਬ ਦੀ ਹਰੇਕ ਸੱਥ ਗੁਰਸ਼ਰਨ ਭਾਅ ਜੀ ਦੀ ਆਵਾਜ਼ ਤੇ ਪੈੜ ਤੋਂ ਵਾਕਿਫ ਸੀ। ਇਸ ਤੋਂ ਵੀ ਵੱਧ ਕੇ ਦੇਸ਼ ਵਿਦੇਸ਼, ਯੂਨੀਵਰਸਿਟੀਆਂ, ਕਾਲਜ, ਸੰਘਰਸ਼ਸ਼ੀਲ ਜਥੇਬੰਦੀਆਂ ਗੁਰਸ਼ਰਨ ਭਾਅ ਜੀ ਦਾ ਰੈਣ ਬਸੇਰਾ ਸਨ। ਜਿਥੇ ਉਹ ਆਪਣੇ ਜ਼ਿੰਦਗੀ ਦੇ ਸਮੁੱਚੇ ਸਮੇਂ ਅਤੇ ਤਾਕਤ ਨੂੰ ਲਗਾਉਂਦੇ ਸਨ ਅਤੇ ਲੋਕਾਂ ਨੂੰ ਚੇਤਨ ਕਰਦੇ ਸਨ ਕਿ ਸਮਾਜਿਕ ਤਬਦੀਲੀ ਲਈ ਜ਼ਰੂਰੀ ਹੁੰਦੀ ਹੈ ਕਿ ਖੁਦ ਆਪ ਕਿੰਨੇ ਕੁ ਪ੍ਰਤੀਬੱਧ ਹੋ ਅਤੇ ਸੋਚ ਦੀ ਦ੍ਰਿਸ਼ਟੀ ਕਿੰਨੀ ਕੁ ਵਿਸ਼ਾਲ ਹੈ। ਗੁਰਸ਼ਰਨ ਭਾਅ ਜੀ ਦਾ ਆਪਣਾ ਇਤਿਹਾਸ ਸਮੁੱਚੇ ਪਿਛਲੇ 50 ਸਾਲਾਂ ਦੇ ਪੰਜਾਬ ਦੇ ਬਦਲਦੇ ਰਾਜਨੀਤਕ, ਸਭਿਆਚਾਰਕ ਤੇ ਆਰਥਿਕ ਇਤਿਹਾਸ ਦੇ ਬਦਲਵੇਂ ਰੂਪ ਵਿਚ ਇਕ ਨਿਵੇਕਲੇ ਕਿਸਮ ਦਾ ਲੋਕਪੱਖੀ ਇਤਿਹਾਸ ਹੈ। ਇਸ ਕਿਸਮ ਦੀ ਮਿਸਾਲੀ ਜੀਵਨ ਜਾਚ ਦੀ ਅਜੋਕੇ ਸਮੇਂ ਵਿਚ ਬੇਹੱਦ ਜ਼ਰੂਰਤ ਹੈ ਜਦੋਂ ਸਮਾਜ ਦੀ ਹਰੇਕ ਪਰਤ ਇਕ ਅਜਿਹੇ ਨਿਰਾਸ਼ਾਮਈ ਜੀਵਨ ਵਿਚੋਂ ਗੁਜਰ ਰਹੀ ਹੈ ਜਿਸ ਨੂੰ ਬਦਲਣ ਲਈ ਮੁੜ ਇਕ ਨਹੀਂ ਕਈ ਗੁਰਸ਼ਰਨ ਭਾਅ ਜੀ ਵਰਗੀਆਂ ਪੰਜਾਬ ਦੇ ਦੁਨੀਆ ਵਿਚ ਨਵੀਆਂ ਆਵਾਜ਼ਾਂ ਦੀ ਜ਼ਰੂਰਤ ਹੈ।



ਭਾਅ ਜੀ ਜੀਵਨ ਜਾਚ ਦੇ ਹਰੇਕ ਪਹਿਲੂ ਉਪਰ ਆਪਣੀ ਸਮਝਦਾਰੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਖੁਦ ਲਿਖਣ ਪ੍ਰਕਿਰਿਆ ਵਿਚ ਵੀ ਲੀਨ ਰਹਿੰਦੇ ਸਨ। ਬੜਾ ਲੰਬਾ ਸਮਾਂ 'ਸਮਤਾ' ਵਰਗੇ ਮੈਗਜ਼ੀਨ ਨੇ ਆਪਣੀ ਵੱਖਰੀ ਪਹਿਚਾਣ ਬਣਾਈ ਰੱਖੀ ਹੈ। ਇਸੇ ਤਰ੍ਹਾਂ ਬਲਰਾਜ ਸਾਹਨੀ ਪ੍ਰਕਾਸ਼ਨ ਦਾ ਆਪਣਾ ਵਿਸ਼ੇਸ਼ ਯੋਗਦਾਨ ਹੈ। ਗੁਰਸ਼ਰਨ ਭਾਅ ਜੀ ਬੌਧਿਕ ਪੱਧਰ 'ਤੇ ਇਕ ਗੱਲ ਲਈ ਹਮੇਸ਼ਾ ਚਿੰਤਤ ਰਹਿੰਦੇ ਸਨ ਕਿ ਬਹੁਤ ਨਿੱਕੇ ਅਤੇ ਵੱਡੇ ਮੁਲਕਾਂ ਨੇ ਆਪਣੀਆਂ ਜਥੇਬੰਦੀਆਂ ਤੇ ਪਾਰਟੀਆਂ ਇਸ ਹੱਦ ਤੱਕ ਬਣਾ ਲਈਆਂ ਹਨ ਕਿ ਸਾਡੇ ਦੇਖਦੇ ਦੇਖਦੇ ਉਹ ਧਰਤੀ 'ਤੇ ਇਨਕਲਾਬ ਕਰਕੇ ਆਪਣੇ ਲੋਕਾਂ ਦੀ ਹੋਣੀ ਆਪ ਬਣਾਉਣ ਦੇ ਕਾਬਲ ਹੋ ਗਏ ਹਨ। ਪ੍ਰੰਤੂ ਅਸੀਂ ਅਜੇ ਫੁੱਟ ਦਰ ਫੁੱਟ ਦੇ ਸਿਲਸਿਲਿਆਂ ਅਤੇ ਬੇਵਿਸ਼ਵਾਸੀਆਂ ਦੇ ਦੌਰ 'ਚੋਂ ਅਗਾਂਹ ਨਹੀਂ ਵੱਧ ਸਕੇ। ਇਸ ਕਿਸਮ ਦਾ ਡੂੰਘਾ ਗ਼ਮ ਗੁਰਸ਼ਰਨ ਭਾਅ ਜੀ ਹਰ ਇਕ ਨਾਲ ਸਾਂਝਾ ਕਰਦੇ ਸਨ। ਇਸ ਗ਼ਮ ਨੂੰ ਕਦੋਂ ਪੂਰਿਆ ਜਾਏਗਾ ਇਹ ਸਵਾਲ ਅੱਜ ਵੀ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਸੋਚਣ ਲਈ ਖੜ੍ਹਾ ਹੈ। ਉਨ੍ਹਾਂ ਦੀ ਇਕ ਨਵੇਂ ਸਮਾਜ ਦੀ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਸ ਡੂੰਘੇ ਸਵਾਲ ਤੋਂ ਖਹਿੜਾ ਅਜੇ ਵੀ ਨਹੀਂ ਛੁਡਾਇਆ ਜਾ ਸਕਿਆ। ਉਸ ਨੂੰ ਕਿਸੇ ਨਾ ਕਿਸੇ ਢੰਗ ਨਾਲ ਪੂਰਾ ਕਰਨਾ ਹੀ ਪਵੇਗਾ।

ਗੁਰਸ਼ਰਨ ਭਾਅ ਜੀ ਦੀ ਦੇਣ ਨੂੰ ਸਮੁੱਚੀ ਪ੍ਰਬੰਧਕੀ ਤਬਦੀਲੀ ਵਾਲਾ ਹਿੱਸਾ ਸਦਾ ਯਾਦ ਰੱਖੇਗਾ, 'ਸਰੋਕਾਰਾਂ ਦੀ ਆਵਾਜ਼' ਇਸ ਕਰਮਯੋਗੀ ਅੱਗੇ ਨਤਮਸਤਕ ਹੁੰਦੀ ਹੈ ਤੇ ਵਾਅਦਾ ਕਰਦੀ ਹੈ ਕਿ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਆਪਣੀ ਬੌਧਿਕ ਤੇ ਨੈਤਿਕ ਕਦਰਾਂ ਕੀਮਤਾਂ ਵਾਲੀ ਸਮਝਦਾਰੀ ਨੂੰ ਹੋਰ ਪ੍ਰਫੁੱਲਤ ਕਰਕੇ ਸਮਾਜਿਕ ਤਬਦੀਲੀ ਵਾਲੇ ਕਾਰਜ ਵਿਚ ਆਪਣਾ ਯੋਗਦਾਨ ਪਾਇਆ ਜਾਏਗਾ।

- ਕੰਵਲਜੀਤ ਖੰਨਾ

# ਵਿਕਾਸ, ਉਜਾੜਾ ਅਤੇ ਪੰਜਾਬ



ਸੰਨ 1894 ਦੇ ਭੂਮੀ ਗਹ੍ਰਿਣ ਕਾਨੂੰਨ ਮੁਤਾਬਕ ਸਰਕਾਰ ਕਿਸੇ ਮਾਲਕ ਦੀ ਜ਼ਮੀਨ ਸਿਰਫ਼ ਜਨਤਕ ਹਿੱਤ ਲਈ ਹੀ ਗਹ੍ਰਿਣ ਕਰ ਸਕਦੀ ਸੀ ਪਰ ਭਾਰਤ ਸਰਕਾਰ ਨੇ ਇਸ ਕਾਨੂੰਨ ਵਿੱਚ 1947 ਤੋਂ ਬਾਅਦ ਸਮੇਂ-ਸਮੇਂ ਤੇ ਸੋਧਾਂ ਕੀਤੀਆ ਅਤੇ ਇਸ ਦੇ ਭਾਗ-2 ਦੀ ਧਾਰਾ 17 ਵਿੱਚ ਹੰਗਾਮੀ ਧਾਰਾ ਪਾਈ ਗਈ। ਇਸ ਵਿੱਚ ਕਿਹਾ ਗਿਆ ਕਿ ਜੇ ਕੇਂਦਰ ਜਾਂ ਰਾਜ ਸਰਕਾਰ ਜ਼ਿਲ੍ਹਾ ਕੁਲੈਕਟਰ ਨੂੰ ਹਦਾਇਤ ਕਰਦੀ ਹੈ ਤਾਂ ਉਹ ਜਨਤਕ ਉਦੇਸ਼ ਲਈ ਸਰਕਾਰ ਜਾਂ ਕੰਪਨੀ ਲਈ ਬਿਨਾਂ ਕਿਸੇ ਵਿਘਨ ਦੇ ਜ਼ਮੀਨ ਐਕੁਆਇਰ ਕਰ ਸਕਦਾ ਹੈ।ਅਜਿਹਾ ਕਰਨ ਲਈ ਉਸ ਨੂੰ ਕੇਵਲ 15 ਦਿਨਾਂ ਦਾ ਨੋਟਸ ਦੇਣਾ ਹੀ ਕਾਫ਼ੀ ਹੈ। ਇਸ ਕਾਨੂੰਨ ਦੀ ਹੰਗਾਮੀ ਮੱਦ ਅਤੇ ਇਸ ਦੀਆਂ ਹੋਰ ਚੋਰ ਮੋਰੀਆਂ ਦਾ ਫਾਇਦਾ ਉਠਾ ਕੇ 1947 ਤੋਂ ਬਾਅਦ ਭਾਰਤ ਦੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਨੇ ਦੇਸ਼ ਭਰ ਅੰਦਰ ਲੋਕਾਂ ਤੋਂ ਕੌਡੀਆਂ ਦੇ ਭਾਅ ਜ਼ਮੀਨ ਗ੍ਰਹਿਣ ਕੀਤੀ ਹੈ। ਏਸ਼ੀਆ ਵਿਕਾਸ ਬੈਂਕ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਸਰਕਾਰ ਨੇ 1951 ਤੋਂ ਲੈ ਕੇ 1991 ਤਕ 1894 ਦੇ ਭੂਮੀ ਗਹ੍ਰਿਣ ਅਤੇ ਅਜਿਹੇ18 ਹੋਰ ਕਾਨੂੰਨਾਂ ਦੇ ਤਹਿਤ 1,50.000 ਵਰਗ ਕਿਲੋਮੀਟਰ ਜ਼ਮੀਨ ਦੇਸ਼ ਦੇ ਲੋਕਾਂ ਤੋਂ ਹਥਿਆਈ ਹੈ।ਹਾਈਡਲ ਡੈਮਾਂ ਦੀ ਉਸਾਰੀ ਦੇ ਸੰਸਾਰ ਕਮਿਸ਼ਨ ਦੀ ਇੱਕ ਰਿਪੋਰਟ ਮੁਤਾਬਕ ਜ਼ਮੀਨ ਗ੍ਰਹਿਣ ਕਰਨ ਦੇ ਅਮਲ ਕਾਰਨ ਭਾਰਤ ਦੇ 5 ਕਰੋੜ ਲੋਕ ਉੱਜੜ ਚੁੱਕੇ ਹਨ।

ਸਰਕਾਰ ਨੇ 1990ਵਿਆਂ ਦੇ ਮੁੱਢ ਤੋਂ ਸ਼ੁਰੂ ਹੋਈਆਂ ਵਿਸ਼ਵੀਕਰਨ ਦੀਆਂ ਨੀਤੀਆ ਰਾਹੀਂ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ, ਸਨਅਤੀਕਰਨ, ਸ਼ਹਿਰੀਕਰਨ, ਸਹਾਇਕ ਢਾਂਚਾ ਉਸਾਰਨ ਆਦਿ ਦੇ ਨਾਂ ਹੇਠ ਦੇਸ਼ ਭਰ ਅੰਦਰ ਕਰੋੜਾਂ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਅਤੇ ਉਪਜੀਵਕਾ ਦੇ ਸਾਧਨਾਂ ਤੋਂ ਜਬਰੀ ਉਜਾੜਿਆ ਹੈ। ਇਨ੍ਹਾਂ ਲੋਕਾਂ ਦੇ ਉਜਾੜੇ ਦੀ ਇੱਕ ਲੰਬੀ ਸੂਚੀ ਹੈ। ਪਿਛਲੇ ਲਗਪਗ ਦੋ ਦਹਾਕਿਆਂ ਤੋਂ ਛੱਤੀਸਗੜ ਵਿੱਚ 4.24 ਲੱਖ ਏਕੜ, ਮੱਧ ਪ੍ਰਦੇਸ਼ ਵਿੱਚ 6 ਲੱਖ, ਝਾਰਖੰਡ ਵਿੱਚ 2 ਲੱਖ, ਓੜੀਸਾ ਵਿੱਚ 7,41,000 ਅਤੇ ਉੱਤਰ ਪ੍ਰਦੇਸ਼ ਵਿੱਚ 1,31,253 ਏਕੜ ਜ਼ਮੀਨ ਐਕੁਆਇਰ ਕੀਤੀ ਜਾ ਚੁੱਕੀ ਜਾਂ ਕੀਤੀ ਜਾ ਰਹੀ ਹੈ।ਪੰਜਾਬ ਅੰਦਰ ਵੀ ਏਹੀ ਅਮਲ ਦੁਹਰਾਇਆ ਜਾ ਰਿਹਾ ਹੈ।

ਜ਼ਮੀਨ ਨੂੰ ਧੱਕੇ ਨਾਲ ਹਥਿਆਉਣ ਵਿਰੁੱਧ ਭਾਰਤ ਭਰ ਵਿੱਚ ਉੱਠ ਰਹੇ ਰੋਹ ਕਾਰਨ ਯੂ.ਪੀ.ਏ. ਸਰਕਾਰ ਨੂੰ 1894 ਦੇ ਭੂਮੀ ਗ੍ਰਹਿਣ ਐਕਟ ਨੂੰ ਸੋਧਣ ਦੀ ਕਵਾਇਦ ਕਰਨੀ ਪੈ ਰਹੀ ਹੈ ਅਤੇ ਇਸ ਨੂੰ ਮਾਨਵੀ ਦਿੱਖ ਪ੍ਰਦਾਨ ਕਰਨ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਇਸ ਸੋਧੇ ਹੋਏ ਬਿੱਲ ਦੇ ਖਰੜੇ ਨੂੰ 'ਭੂਮੀ ਗ੍ਰਹਿਣ ਅਤੇ ਪੁਨਰਵਸੇਬਾ ਅਤੇ ਪੁਨਰਸਥਾਪਨਾ ਬਿੱਲ 2011' ਕਿਹਾ ਗਿਆ ਹੈ।

ਜੇ ਇਸ ਬਿੱਲ ਦੇ ਖਰੜੇ ਨੂੰ ਗਹੁ ਨਾਲ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਇਸ ਬਿੱਲ ਦਾ ਅਸਲ ਮਨੋਰਥ ਦੇਸੀ ਅਤੇ ਵਿਦੇਸ਼ੀ ਕੰਪਨੀਆਂ ਨੂੰ ਜ਼ਮੀਨ ਐਕੁਆਇਰ ਕਰਨ ਲਈ 1894 ਦੇ ਕਾਨੂੰਨ ਅਧੀਨ ਆ ਰਹੀਆਂ ਕਾਨੂੰਨੀ ਰੁਕਾਵਟਾਂ ਨੂੰ ਦੂਰ ਕਰਨਾ ਹੈ ਅਤੇ ਕੰਪਨੀਆਂ ਨੂੰ ਜ਼ਮੀਨ ਐਕੁਆਇਰ ਕਰਨ ਲਈ ਕਾਨੂੰਨੀ ਖੁੱਲ੍ਹਾਂ ਦੇਣਾ ਹੈ। ਇਸੇ ਕਰਕੇ ਇਸ ਬਿੱਲ ਵਿੱਚ ਜ਼ਮੀਨ ਐਕੁਆਇਰ ਕਰਨ ਲਈ ਜਨਤਕ ਉਦੇਸ਼ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਗਈ ਹੈ। ਇਸ ਬਿੱਲ ਦੀ ਧਾਰਾ ਨੰਬਰ-2 ਦੇ ਨੁਕਤੇ ਵਿੱਚ ਜਨਤਕ ਉਦੇਸ਼ਾਂ ਦੀ ਪਰਿਭਾਸ਼ਾ ਨੂੰ ਅਸਪਸ਼ਟ ਅਤੇ ਗੰਧਲਾ ਰੱਖਿਆ ਗਿਆ ਹੈ। ਇਸ ਦੀ ਧਾਰ (2) ਵਿੱਚ ਕਿਹਾ ਗਿਆ ਹੈ ਕਿ ਸਬੰਧਤ ਸਰਕਾਰ (ਕੇਂਦਰ ਜਾਂ ਰਾਜ ਸਰਕਾਰ) ਸਹਾਇਕ ਢਾਂਚੇ, ਸਨਅਤੀਕਰਨ ਅਤੇ ਸ਼ਹਿਰੀਕਰਨ ਦੇ ਪ੍ਰਾਜੈਕਟਾਂ ਲਈ ਸਰਕਾਰ ਜਾਂ ਕੰਪਨੀ ਲਈ ਜ਼ਮੀਨ ਐਕੁਆਇਰ ਕਰ ਸਕਦੀ ਹੈ ਜਿਸ ਦਾ ਫਾਇਦਾ ਆਮ ਲੋਕਾਂ ਨੂੰ ਹੋਵੇਗਾ। ਇਸ ਦਾ ਇਹ ਅਰਥ ਬਣਦਾ ਹੈ ਕਿ ਸਰਕਾਰ ਸਹਾਇਕ ਢਾਂਚੇ ਉਸਾਰਨ ਦੇ ਨਾਂ ਹੇਠ ਹਸਪਤਾਲ, ਵਿਦਿਅਕ ਸੰਸਥਾਵਾਂ, ਟਰੇਡ ਕੇਂਦਰ, ਤਕਨੀਕੀ ਜਾਣਕਾਰੀ ਸੰਸਥਾਵਾਂ ਆਦਿ ਮੁਨਾਫ਼ੇ ਕਮਾਉਣ ਵਾਲੇ ਹਜ਼ਾਰਾਂ ਕਿਸਮ ਦੇ ਧੰਦਿਆਂ ਲਈ ਜ਼ਮੀਨ ਨਿੱਜੀ ਕੰਪਨੀਆਂ ਨੂੰ ਦਿਵਾ ਸਕਦੀ ਹੈ। ਸ਼ਹਿਰੀਕਰਨ ਦੇ ਨਾਂ ਹੇਠ ਨਵੇਂ ਸਹਿਰੀ ਕੇਂਦਰ, ਰੀਅਲ ਅਸਟੇਟ, ਵੱਡੇ-ਵੱਡੇ ਮਾਲ, ਫਲੈਟ ਅਤੇ ਹੋਟਲ ਆਦਿ ਬਣਾਏ ਜਾ ਸਕਦੇ ਹਨ ਜਿਨ੍ਹਾਂ

ਨਾਲ ਭਾਰਤ ਦੇ ਗ਼ਰੀਬ ਲੋਕਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਸਨਅਤੀਕਰਨ ਦੇ ਨਾਂ ਤੇ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਜਨਤਕ ਹਿੱਤਾਂ ਦੇ ਨਾਂ ਤੇ ਤੰਬਾਕੂ, ਸ਼ਰਾਬ ਦੀਆਂ ਫੈਕਟਰੀਆਂ ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਧੰਦੇ ਖੋਲ੍ਹੇ ਜਾ ਸਕਦੇ ਹਨ।

ਇਸੇ ਜਨਤਕ ਉਦੇਸ਼ ਦੀ ਪਰਿਭਾਸ਼ਾ (4) ਵਿੱਚ ਕਿਹਾ ਗਿਆ ਹੈ ਕਿ ਜੇ ਸਰਕਾਰ ਕਿਸੇ ਨਿੱਜੀ ਕੰਪਨੀ ਨੂੰ ਜਨਤਕ ਹਿੱਤ ਲਈ ਭੂਮੀ ਗਹ੍ਰਿਣ ਦੀ ਮਨਜ਼ੂਰੀ ਦਿੰਦੀ ਹੈ ਤਾਂ ਪ੍ਰਭਾਵਿਤ ਲੋਕਾਂ ਦੇ 80 ਫ਼ੀਸਦੀ ਦੀ ਸਹਿਮਤੀ ਹੋਣੀ ਜ਼ਰੂਰੀ ਹੈ। ਪਹਿਲੀ ਗੱਲ ਇਹ ਹੈ ਕਿ 80 ਫ਼ੀਸਦੀ ਲੋਕਾਂ ਦੀ ਸਹਿਮਤੀ ਕਿਵੇਂ ਲਈ ਜਾਂਦੀ ਹੈ, ਇਸ ਬਾਰੇ ਸਾਡੇ ਦੇਸ਼ ਦੇ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕੰਪਨੀਆਂ ਕਿਵੇਂ ਪੁਲੀਸ, ਪ੍ਰਸ਼ਾਸਨ, ਗੁੰਡਿਆਂ ਅਤੇ ਭੂ ਮਾਫ਼ੀਆਂ ਨਾਲ ਰਲ ਕੇ ਲੋਕਾਂ ਨੂੰ ਸਹਿਮਤ ਕਰਾਉਂਦੀਆਂ ਹਨ ?ਕਿਵੇਂ ਜਾਅਲੀ ਦਸਤਾਵੇਜ਼ ਤਿਆਰ ਕੀਤੇ ਜਾਂਦੇ ਹਨ ਅਤੇ ਕਿਵੇਂ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਕੇ ਲੋਕਾਂ ਨੂੰ ਮਨਾਇਆ ਜਾਂਦਾ ਹੈ। ਬਾਕੀ 20 ਫ਼ੀਸਦੀ ਲੋਕ ਜਿਹੜੇ ਆਪਣੀ ਜ਼ਮੀਨ ਨਹੀਂ ਵੇਚਣਾ ਚਾਹੁੰਦੇ, ਉਨ੍ਹਾਂ ਲਈ ਇਹ ਬਿੱਲ ਧੱਕੇ ਦਾ ਰਾਹ ਖੋਲ੍ਹਦਾ ਹੈ।

ਇਸ ਬਿੱਲ ਬਾਰੇ ਇੱਕ ਗੱਲ ਮੀਡੀਏ ਵਿੱਚ ਬਹੁਤ ਉਭਾਰੀ ਗਈ ਹੈ ਜੋ ਦੇਖਣ ਨੂੰ ਜ਼ਮੀਨ ਮਾਲਕਾਂ ਦੇ ਪੱਖ ਦੀ ਲੱਗਦੀ ਹੈ ਕਿ ਪੇਂਡੂ ਖੇਤਰ ਦੇ ਮਾਲਕਾਂ ਨੂੰ ਬਾਜ਼ਾਰੀ ਮੁੱਲ ਦਾ ਛੇ ਗੁਣਾ ਅਤੇ ਸ਼ਹਿਰਾਂ ਵਿੱਚੋਂ ਜ਼ਮੀਨ ਗਹ੍ਰਿਣ ਕਰਨ ਸਮੇਂ ਜ਼ਮੀਨ ਦੇ ਮਾਲਕ ਨੂੰ ਬਾਜ਼ਾਰੀ ਰੇਟ ਤੋਂ ਦੁੱਗਣਾ ਮੁੱਲ ਦੇਣਾ ਹੋਵੇਗਾ।ਅਸਲ ਵਿੱਚ ਇਹ ਇੱਕ ਭੁਲੇਖਾ ਪਾਊ ਗੱਲ ਹੈ ਕਿਉਂਕਿ ਇਸ ਬਿੱਲ ਮੁਤਾਬਕ ਜ਼ਿਲ੍ਹਾ ਕੁਲੈਕਟਰ ਜ਼ਮੀਨ ਦੇ ਪਿਛਲੇ ਤਿੰਨ ਸਾਲਾਂ ਦੇ ਸਰਕਾਰੀ ਰੇਟ ਅਤੇ ਜ਼ਮੀਨ ਦੇ ਅਸਲ ਸੌਦਿਆਂ ਦੇ ਦਸਤਾਵੇਜ਼ਾਂ ਨੂੰ ਪੜਤਾਲੇਗਾ।ਇਨ੍ਹਾਂ ਵਿੱਚੋਂ ਜਿਹੜਾ ਵੱਧ ਹੋਵੇਗਾ, ਜ਼ਮੀਨ ਦਾ ਮੁੱਲ ਉਸ ਅਨੁਸਾਰ ਮਿਥਿਆ ਜਾਵੇਗਾ। ਜ਼ਮੀਨ ਤੋਂ ਇਲਾਵਾ ਚੱਲ ਅਤੇ ਅਚੱਲ ਜਾਇਦਾਦ ਦਾ ਮੁੱਲ ਵੀ ਕੁਲੈਕਟਰ ਵੱਲੋਂ ਮਾਹਿਰਾਂ ਦੀ ਮਦਦ ਨਾਲ ਪਾਇਆ ਜਾਵੇਗਾ। ਇਸ ਤਰ੍ਹਾਂ ਪਿੰਡਾਂ ਵਿੱਚ ਜ਼ਮੀਨ-ਜਾਇਦਾਦ ਦੀ ਕੀਮਤ ਦਾ ਤਿੰਨ ਗੁਣਾਂ ਮੁੱਲ ਤੈਅ ਹੋਵੇਗਾ।ਇਸੇ ਤਰ੍ਹਾਂ ਸ਼ਹਿਰੀ ਜ਼ਮੀਨ ਦਾ ਇਕਹਿਰਾ ਬਾਜ਼ਾਰੀ ਮੁੱਲ ਤੈਅ ਕੀਤਾ ਜਾਵੇਗਾ।ਅੱਗੇ ਇਸ ਪੇਂਡੂ ਅਤੇ ਸ਼ਹਿਰੀ ਜ਼ਮੀਨ-ਜਾਇਦਾਦ ਉਪਰ 100 ਫ਼ੀਸਦੀ ਹੋਰ ਮੁਆਵਜ਼ਾ ਦਿੱਤਾ ਜਾਵੇਗਾ।ਇਸ ਤਰ੍ਹਾਂ ਪਿੰਡਾਂ ਵਿੱਚ ਜ਼ਮੀਨ-ਜਾਇਦਾਦ ਦਾ ਇਹ ਮੁੱਲ ਛੇ ਗੁਣਾ ਅਤੇ ਸ਼ਹਿਰਾਂ ਵਿੱਚ ਦੁੱਗਣਾ ਹੋ ਜਾਵੇਗਾ।ਪਹਿਲੀ ਗੱਲ ਜ਼ਮੀਨਾਂ ਦੀਆਂ ਰਜਿਸਟਰੀਆਂ ਪਹਿਲਾਂ ਹੀ ਅਸਲ ਮੁੱਲ ਤੋਂ ਕਈ ਗੁਣਾਂ ਘੱਟ ਤੇ ਹੁੰਦੀਆਂ ਹਨ ਅਤੇ ਜ਼ਮੀਨ ਦੇ ਅਸਲ ਬਾਜ਼ਾਰੀ ਰੇਟ ਛੇ ਗੁਣਾ ਨਹੀਂ ਸਗੋਂ ਇਸ ਤੋਂ ਕਿਤੇ ਵੱਧ ਹੁੰਦੇ ਹਨ।ਇਸ ਤਰ੍ਹਾਂ ਲੋਕਾਂ ਨੂੰ ਇਸ ਬਿੱਲ ਰਾਹੀਂ ਦਿੱਤੇ ਜਾ ਰਹੇ ਮੁੱਲ ਇੱਕ ਘਾਟੇ ਵਾਲਾ ਸੌਦਾ ਹੋਣਗੇ।

ਇਸ ਬਿੱਲ ਦੇ ਭਾਗ-2 ਸਫ਼ਾ 5 ਵਿੱਚ ਇਹ ਗਿਆ ਹੈ ਕਿ ਜਿਸ ਜਨਤਕ ਮਕਸਦ ਲਈ ਜ਼ਮੀਨ ਗਹ੍ਰਿਣ ਕੀਤੀ ਜਾਵੇਗੀ, ਉਸ ਨੂੰ ਬਦਲਿਆ ਨਹੀਂ ਜਾ ਸਕੇਗਾ ਪਰ ਅਸੀਂ ਜਾਣਦੇ ਹਾਂ ਕਿ ਕਿਵੇਂ ਨਿੱਜੀ ਕੰਪਨੀਆਂ ਪਹਿਲਾਂ ਹੀ ਆਪਣੇ ਉਦੇਸ਼ ਦੀ ਪਰਿਭਾਸ਼ਾ ਨੂੰ ਮੋਕਲਾ ਰੱਖ ਸਕਦੀਆ ਹਨ ਅਤੇ ਇੱਕ ਥੋੜ੍ਹੀ ਜਗ੍ਹਾ ਵਿੱਚ ਮਨਜ਼ੂਰੀ ਵਾਲੀ ਸਨਅਤ ਲਾ ਕੇ ਬਾਕੀ ਜ਼ਮੀਨ ਨੂੰ ਉਸੇ ਸਨਅਤ ਦੇ ਸਹਾਇਕ ਢਾਂਚੇ ਦੇ ਨਾਂ ਥੱਲੇ ਹੋਰ ਮਕਸਦਾਂ ਲਈ ਵਰਤ ਸਕਦੀਆਂ ਹਨ।

ਇਸ ਬਿੱਲ ਨੂੰ ਮਾਨਵੀ, ਪਾਰਦਰਸ਼ੀ ਅਤੇ ਲੋਕ-ਪੱਖੀ ਮੁਹਾਂਦਰਾ ਦੇਣ ਲਈ ਜ਼ਮੀਨ ਮਾਲਕਾਂ ਅਤੇ ਜ਼ਮੀਨ ਉਪਰ ਨਿਰਭਰ ਉਪਜੀਵਕਾ ਗੁਆਉਣ ਵਾਲੇ ਲੋਕਾਂ ਲਈ ਇਸ ਬਿੱਲ ਵਿੱਚ ਪੁਨਰਵਾਸ ਅਤੇ ਪੁਨਰਸਥਾਪਨਾ ਕਰਨ ਲਈ ਇਵਜ਼ਾਨੇ ਦਾ ਇੱਕ ਨਕਸ਼ਾ ਪੇਸ਼ ਕੀਤਾ ਹੈ। ਇਸ ਵਿੱਚ ਜ਼ਮੀਨ ਮਾਲਕਾਂ ਨੂੰ 12 ਸਾਲਾਂ ਤਕ 3000 ਰੁਪਏ ਮਹੀਨਾ ਗੁਜ਼ਾਰਾ ਭੱਤੇ ਦਾ ਉਪਬੰਦ ਕੀਤਾ ਗਿਆ ਹੈ ਅਤੇ 2000 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਮੁਦਰਾ ਸਫ਼ੀਤੀ ਨਾਲ ਮੇਲਦਿਆਂ 20 ਸਾਲ ਗੁਜ਼ਾਰਾ ਭੱਤੇ ਦੀ ਗੱਲ ਵੀ ਕੀਤੀ ਗਈ ਹੈ। ਸ਼ਹਿਰੀਕਰਨ ਲਈ ਐਕੁਆਇਰ ਕੀਤੀ ਗਈ ਜ਼ਮੀਨ ਦੇ 20 ਫ਼ੀਸਦੀ ਹਿੱਸੇ ਨੂੰ ਜ਼ਮੀਨ ਗਵਾ ਚੁੱਕੇ ਮਾਲਕਾਂ ਲਈ ਰੱਖਿਆ ਜਾਵੇਗਾ ਅਤੇ ਇਸ ਨੂੰ ਉਨ੍ਹਾਂ ਦੀ ਜ਼ਮੀਨ ਮੁਤਾਬਕ ਵੰਡਿਆ ਜਾਵੇਗਾ।ਦਸ ਸਾਲਾਂ ਵਿੱਚ ਹਰ ਵਾਰ ਬਦਲੀ ਗਈ ਜ਼ਮੀਨ ਦੇ ਵਧੇ ਹੋਏ ਮੁੱਲ ਦਾ 20 ਫ਼ੀਸਦੀ ਹਿੱਸਾ ਜਿਨ੍ਹਾਂ ਦੀ ਜ਼ਮੀਨ ਐਕੁਆਇਰ ਹੋਈ ਹੈ, ਉਨ੍ਹਾਂ ਵਿੱਚ ਵੰਡਿਆ ਜਾਵੇਗਾ।ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਨੇ ਜ਼ਮੀਨ ਗ੍ਰਹਿਣ ਕਰਨ ਸਮੇਂ ਘਰ ਗੁਆ ਲਏ ਹਨ, ਉਨ੍ਹਾਂ ਨੂੰ ਪਿੰਡਾਂ ਵਿੱਚ 150 ਵਰਗ ਮੀਟਰ ਅਤੇ ਸ਼ਹਿਰਾਂ ਵਿੱਚ 50 ਵਰਗ ਮੀਟਰ ਦੇ ਘਰ ਲਈ ਥਾਂ ਮੁਹੱਈਆ ਕੀਤੀ ਜਾਵੇਗੀ।ਘਰ ਬਦਲੀ ਲਈ ਢੋਆ-ਢੁਆਈ ਵਾਸਤੇ 50,000 ਰੁਪਏ ਦਿੱਤੇ ਜਾਣਗੇ। ਜੇ ਜ਼ਮੀਨ ਕਿਸੇ ਸਿੰਜਾਈ ਪ੍ਰਾਜੈਕਟ ਵਾਸਤੇ ਗ੍ਰਹਿਣ ਕੀਤੀ ਗਈ ਹੈ ਤਾਂ ਉਸ ਨੂੰ ਕਮਾਂਡ ਖੇਤਰ ਵਿੱਚ ਇੱਕ ਏਕੜ ਜ਼ਮੀਨ ਦਿੱਤੀ ਜਾਵੇਗੀ। ਹਰ ਪ੍ਰਭਾਵਿਤ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਜਾਂ ਦੋ ਲੱਖ ਰੁਪਏ ਯਕਮੁਕਤ ਦੇਣ ਦਾ ਉਪਬੰਦ ਹੈ।

ਸੰਨ 1894 ਦੇ ਕਾਨੂੰਨ ਵਿੱਚ ਜ਼ਮੀਨ ਗ੍ਰਹਿਣ ਕਰਨ ਵੇਲੇ ਬੇਜ਼ਮੀਨੇ ਕਿਸਾਨਾਂ, ਖੇਤ ਮਜ਼ਦੂਰਾਂ ਜਾ ਖੇਤੀ ਉਪਰ ਨਿਰਭਰ ਲੋਕਾਂ ਨੂੰ ਮੁਆਵਜ਼ੇ ਦੀ ਕੋਈ ਗੱਲ ਨਹੀਂ ਸੀ ਪਰ ਇਸ ਬਿੱਲ ਵਿੱਚ ਭੂਮੀ ਗ੍ਰਹਿਣ ਕਰਨ ਸਮੇਂ ਇਨ੍ਹਾਂ ਤਬਕਿਆਂ ਲਈ ਵੀ ਲਗਪਗ ਜ਼ਮੀਨ ਮਾਲਕਾਂ ਵਰਗੇ ਮੁਆਵਜ਼ਿਆਂ ਦਾ ਉਪਬੰਦ ਕੀਤਾ ਗਿਆ ਹੈ। ਇਸੇ ਤਰ੍ਹਾਂ ਇਸ ਬਿੱਲ ਵਿੱਚ ਪੱਟੀ ਦਰ ਜਾਤਾਂ ਅਤੇ ਪੱਟੀ ਕਬੀਲਿਆਂ ਨੂੰ ਵਿਸ਼ੇਸ਼ ਪੈਕੇਜ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਦੇ ਪੁਨਰਵਸੇਬੇ ਅਤੇ ਪੁਨਰਸਥਾਪਨ ਦਾ ਇੱਕ ਵਿਆਪਕ ਨਕਸ਼ਾ ਪੇਸ਼ ਕੀਤਾ ਗਿਆ ਹੈ ਪਰ ਬਿੱਲ ਵਿੱਚ ਸ਼ਾਮਲ ਇਨ੍ਹਾਂ ਸਹੂਲਤਾਂ ਅਤੇ ਮੁਆਵਜ਼ੇ ਦਾ ਅਮਲ ਕਿਹੋ ਜਿਹਾ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿਉਂਕਿ ਭਾਰਤ ਦੇ ਲੋਕ ਇਹ ਹੱਡੀ ਹੰਢਾਂ ਰਹੇ ਹਨ ਕਿ ਕਿਵੇਂ ਸਰਕਾਰ ਦੇ ਪਾਸ ਕੀਤੇ ਸੁਹਾਵਣੇ ਅਤੇ ਆਹਲਾ ਕਾਨੂੰਨ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਜਾਂਦੇ ਹਨ।

ਇਸ ਬਿੱਲ ਦੀ ਧਾਰਾ ( 1-ਏ ) ਦੇ ਨੰਬਰ ( 2 ) ਅਨੁਸਾਰ ਬਿੱਲ ਦੇ ਘੇਰੇ ਵਿੱਚ ਸਿਰਫ਼ ਉਹ ਜ਼ਮੀਨ ਹੀ ਲਈ ਗਈ ਹੈ ਜੋ 100 ਏਕੜ ਜਾਂ ਇਸ ਤੋਂ ਵੱਧ ਹੋਵੇ।ਪਹਿਲੀ ਗੱਲ ਇਹ ਹੈ ਕਿ ਭਾਰਤ ਅੰਦਰ ਬਹੁਤੀਆਂ ਨਿੱਜੀ ਕੰਪਨੀਆਂ ਜਿਨ੍ਹਾਂ ਨੇ ਜ਼ਮੀਨ ਗ੍ਰਹਿਣ ਕੀਤੀ ਹੈ ਜਾਂ ਕਰ ਰਹੀਆਂ ਹਨ, ਉਹ 100 ਏਕੜ ਦੇ ਘੇਰੇ ਦੇ ਅੰਦਰ ਹੀ ਆਉਂਦੀਆਂ ਹਨ ਅਤੇ ਇਨ੍ਹਾਂ ਕੰਪਨੀਆਂ ਨੂੰ ਇਸ ਬਿੱਲ ਦੇ ਘੇਰੇ ਵਿੱਚੋਂ ਬਾਹਰ ਰੱਖਣ ਦੀ ਕੋਈ ਤੁਕ ਨਹੀਂ ਬਣਦੀ।ਇਸ ਤੋਂ ਇਲਾਵਾ ਇਸ ਬਿੱਲ ਵਿੱਚ 1894 ਦੇ ਸੋਧੇ ਹੋਏ ਕਾਨੂੰਨ ਦੀ ਹੰਗਾਮੀ 17ਵੀਂ ਧਾਰਾ, ਇਸ ਬਿੱਲ ਦੀ 30ਵੀਂ ਧਾਰਾ ਬਣਾ ਕੇ ( ਇਸ ਨੂੰ ਇਹ ਕਹਿ ਕੇ ਕਿ ਇਸ ਨੂੰ ਘੱਟ ਤੋਂ ਘੱਟ ਵਰਤੋਂ ਵਿੱਚ ਲਿਆਂਦਾ ਜਾਵੇਗਾ ) ਬਰਕਰਾਰ ਰੱਖੀ ਗਈ ਹੈ।

ਇਸ ਬਿੱਲ ਵਿੱਚ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਜਨਤਕ ਉਦੇਸ਼ ਦੀ ਪਰਿਭਾਸ਼ਾ ਨੂੰ ਹੀ ਬਦਲ ਦਿੱਤਾ ਗਿਆ ਹੈ ਅਤੇ ਇਸ ਪਰਿਭਾਸ਼ਾ ਨੂੰ ਬਹੁਤ ਅਸਪਸ਼ਟ ਅਤੇ ਗੰਧਲਾ ਕਰ ਦਿੱਤਾ ਗਿਆ ਹੈ।ਇਸ ਕਰਕੇ ਇਸ ਬਿੱਲ ਦਾ ਫਾਇਦਾ ਸਿਰਫ਼ ਵੱਡੀਆਂ ਕੰਪਨੀਆਂ ਨੂੰ ਹੋਵੇਗਾ ਅਤੇ ਆਮ ਲੋਕਾਂ ਦਾ ਤਾਂ ਉਜਾੜਾ ਹੀ ਹੋਵੇਗਾ।

**9/11 ਦੇ ਸੰਦਰਭ 'ਚ** - ਬਲਜਿੰਦਰ ਸਿੰਘ

# ਆਰਥਿਕ ਸੰਕਟ 'ਚ ਜੰਗੀ ਖਰਚੇ ਦਾ ਰੋਲ



ਇਕ ਦਹਾਕਾ ਪਹਿਲਾਂ ਸਤੰਬਰ 11, 2011 ਨੂੰ ਅਮਰੀਕਾ ਦੇ ਵਰਲਡ ਟਰੇਡ ਸੈਂਟਰ, ਪੈਂਟਾਗਨ ਉਪਰ ਜਹਾਜ਼ਾਂ ਨੂੰ ਹਾਈਜੈਕ ਕਰਕੇ ਜੋ ਹਮਲਾ ਹੋਇਆ ਸੀ ਉਸ ਤੋਂ ਬਾਅਦ ਜਿਸ ਕਿਸਮ ਨਾਲ 'ਗਲੋਬਲ ਵਾਰ ਆਨ ਟੇਰੇਰਿਜਮ' (Global war on terrorism) ਨੂੰ ਕੇਂਦਰ ਵਿਚ ਬਣਾ ਕੇ ਅਮਰੀਕਾ ਨੇ ਆਪਣਾ ਤਾਂ ਨਵਾਂ ਸਕਿਉਰਿਟੀ ਪ੍ਰਬੰਧ ਦੇਸ਼ ਦੇ ਅੰਦਰ ਅਤੇ ਦੇਸ਼ ਤੋਂ ਬਾਹਰ ਖੜ੍ਹਾ ਕੀਤਾ। ਉਸ ਸਮੇਂ ਹਮਲੇ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁਸ਼ ਨੇ 20 ਸਤੰਬਰ 2011 ਨੂੰ ਐਲਾਨ ਕੀਤਾ, 'ਹਰੇਕ ਰਾਸ਼ਟਰ, ਹਰੇਕ ਖਿੱਤਾ ਇਹ ਫੈਸਲਾ ਕਰੇ ਕਿ ਤੁਸੀਂ ਸਾਡੇ ਨਾਲ ਹੋ ਜਾਂ ਅੱਤਵਾਦੀਆਂ ਨਾਲ ਹੋ। ਅੱਜ ਦੇ ਦਿਨ ਤੋਂ ਅੱਗੇ ਹਰੇਕ ਉਸ ਰਾਜ ਨੂੰ ਲਗਾਤਾਰ ਨਿਸ਼ਾਨੇ ਉਪਰ ਰੱਖਿਆ ਜਾਏਗਾ ਜਿਹੜਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਅੱਤਵਾਦ ਦੀ ਮਦਦ ਕਰਦੇ ਹੋਵੇਗਾ।'

ਇਸ ਐਲਾਨ ਤੋਂ ਬਾਅਦ ਵੱਖ ਵੱਖ ਅਮਰੀਕਾ ਦੀਆਂ ਜੋਟੀਦਾਰ ਤਾਕਤਾਂ ਵਿਚ ਕੈਨੇਡਾ ਵੀ ਸ਼ਾਮਲ ਸੀ ਜਿਨ੍ਹਾਂ ਨੇ ਅਤਵਾਦ ਦੇ ਖਿਲਾਫ਼ ਜੰਗ ਦੇ ਨਾਂ ਹੇਠ ਅਫਗਾਨਿਸਤਾਨ ਵਿਚ ਤਾਲਿਬਾਨ ਸਰਕਾਰ ਨੂੰ ਉਲਟਾਉਣ ਲਈ ਸਹਿਯੋਗ ਦਿੱਤਾ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਲਗਭਗ ਇਕ ਲੱਖ ਲੋਕ ਇਸ ਜੰਗ ਵਿਚ ਮਾਰੇ ਜਾ ਚੁੱਕੇ ਹਨ ਜਿਸ ਪੱਧਰ 'ਤੇ ਕੈਨੇਡੀਅਨ ਸਰਕਾਰ ਦੇ ਸਕਿਉਰਿਟੀ ਉਪਰ ਖਰਚੇ ਵਧੇ ਹਨ ਉਨ੍ਹਾਂ ਨੇ ਅਮਰੀਕਾ ਦੀਆਂ ਲਾਲਸਾਵਾਂ ਨੂੰ ਤਾਂ ਪ੍ਰਫੁੱਲਤ ਕੀਤਾ ਹੋ ਸਕਦਾ ਹੈ ਪ੍ਰੰਤੂ ਜਿਸ ਪੱਧਰ 'ਤੇ ਕੈਨੇਡਾ ਦੇ ਅੰਦਰ ਵਪਾਰ, ਰਾਜਨੀਤੀ ਅਤੇ ਸਮਾਜਿਕ ਸਹੂਲਤਾਂ 'ਤੇ ਅਸਰ ਪਿਆ ਹੈ ਉਸ ਨਾਲ ਕੈਨੇਡੀਅਨ ਲੋਕਾਂ ਨੂੰ ਹੀ ਕੀਮਤ ਦੇਣੀ ਪੈ ਰਹੀ ਹੈ।

9/11 ਉਪਰ ਸਿਰਫ਼ ਡਾਲਰਾਂ ਵਿਚ ਮਿਲਟਰੀ ਖਰਚਾ ਹੀ ਨਹੀਂ ਹੋਇਆ ਬਲਕਿ 2003 ਵਿਚ ਕੈਨੇਡਾ ਅੰਦਰ ਇਕ ਨਵਾਂ ਪਬਲਿਕ ਸੇਫਟੀ ਅਤੇ ਐਮਰਜੈਂਸੀ ਤਿਆਰੀ ਵਿਭਾਗ ਵੀ ਹੋਂਦ ਵਿਚ ਆਇਆ ਹੈ ਜਿਸ ਲਈ ਸ਼ੀਸ਼ਾ ਦਾ ਕੰਮ ਅਮਰੀਕਾ ਦੇ ਅੰਦਰ ਸਥਾਪਤ ਕੀਤੇ ਵੱਖ ਵੱਖ ਸਕਿਉਰਿਟੀ ਤਿਆਰੀਆਂ ਨਾਲ ਮੇਲ ਖਾਂਦਾ ਸੀ। 2003 ਵਿਚ ਹੀ ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ ਵੀ ਬਣਾਈ ਗਈ। ਜਿਨ੍ਹਾਂ ਦਾ ਮੁੱਖ ਮਕਸਦ ਸੀ ਕਿ ਦੇਸ਼ ਦੇ ਅੰਦਰੂਨੀ ਤੰਤਰ ਅਤੇ ਸਕਿਉਰਿਟੀ ਨਾਲ ਸਬੰਧਤ ਤੌਰ ਤਰੀਕਿਆਂ ਰਾਹੀਂ 9/11 ਦੀਆਂ ਘਟਨਾਵਾਂ ਤੋਂ ਬਾਅਦ ਇਕ ਛੱਤਰੀ ਸਥਾਪਤ ਕਰਨਾ ਸੀ।

ਉਪਰੋਕਤ ਸਾਰੀਆਂ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਏਜੰਸੀਆਂ ਉਪਰ ਪਿਛਲੇ 11 ਸਾਲਾਂ ਵਿਚ ਜੋ ਖਰਚਾ ਆਇਆ ਹੈ ਅਤੇ 31 ਮਾਰਚ 2012 ਤੱਕ ਹੋਣ ਦੀ ਸੰਭਾਵਨਾ ਹੈ। ਉਸ ਦਾ ਉਲੇਖ ਹੇਠਾਂ ਦਿੱਤਾ ਹੈ।

**ਗਰਾਫ 1** | **9/11 ਤੋਂ ਬਾਅਦ ਨੈਸ਼ਨਲ ਸਕਿਉਰਿਟੀ ਸਥਾਪਤੀ ਦਾ ਖਰਚਾ ($ ਮਿਲੀਅਨ)**

| ਸਾਲ | ਅਨੁਮਾਤ ਖਰਚਾ | ਅਨੁਮਾਤ ਵਾਧਾ/ਘਾਟਾ | ਮਹਿੰਗਾਈ ਨਾਲ ਸੰਬੰਧਤ ਖਰਚਾ | ਮਹਿੰਗਾਈ ਨਾਲ ਸੰਬੰਧਤ ਵਾਧਾ/ਘਾਟਾ |
|---|---|---|---|---|
| 2000-01 | $ 16,678 | $ _ | $ 21,373 | $ _ |
| 2001-02 | $ 17,220 | $ 542 | $ 22,023 | $ 650 |
| 2002-03 | $ 18,153 | $ 1,475 | $ 22,800 | $ 1,427 |
| 2003-04 | $ 18,960 | $ 2,282 | $ 23,056 | $ 1,683 |
| 2004-05 | $ 21,654 | $ 4,976 | $ 25,496 | $ 4,123 |
| 2005-06 | $ 22,143 | $ 5,465 | $ 25,201 | $ 3,828 |
| 2006-07 | $ 24,377 | $ 7,699 | $ 27,059 | $ 5,686 |
| 2007-08 | $ 26,628 | $ 9,950 | $ 28,773 | $ 7,400 |
| 2008-09 | $ 29,057 | $12,379 | $ 29,621 | $ 8,248 |
| 2009-10 | $ 30,129 | $13,451 | $ 31,846 | $10,473 |
| 2010-11 | $ 33,030 | $16,352 | $ 34,028 | $12,656 |
| 2011-12 | $ 34,144 | $17,466 | $ 34,144 | $12,771 |
| ਕੁੱਲ ਵਾਧਾ | | $92,037 (105%) | | $68,944 (60%) |

ਸਰੋਤ : ਸਰਕਾਰ ਦੀ ਖਰਚਾ ਯੋਜਨਾ ਦਾ ਮੁੱਖ ਅਨੁਮਾਨਤ ਭਾਗ 1 ਅਤੇ 2, ਅੰਕੜਾ ਵਿਭਾਗ ਕੈਨੇਡਾ

ਉਪਰੋਕਤ ਤੋਂ ਸਪਸ਼ਟ ਹੈ ਕਿ 9/11 ਤੋਂ ਬਾਅਦ ਕੈਨੇਡਾ ਨੇ 92 ਬਿਲੀਅਨ ਡਾਲਰ ਨੈਸ਼ਨਲ ਸਕਿਉਰਿਟੀ ਸਥਾਪਤ ਕਰਨ ਲਈ ਖਰਚੇ ਹਨ ਅਤੇ ਇਸ ਦੇ ਨਾਲ ਹੀ 69 ਬਿਲੀਅਨ ਡਾਲਰ ਮਹਿੰਗਾਈ ਨੂੰ ਐਡਜੈਸਟ ਕਰਨ ਲਈ ਖਰਚੇ ਹਨ। ਕੈਨੇਡਾ ਦੀ 2011-12 ਦੀ ਪਲਾਨਿੰਗ ਵਿਚ 34 ਬਿਲੀਅਨ ਡਾਲਰ ਹੋਰ ਨੈਸ਼ਨਲ ਸਕਿਉਰਿਟੀ ਨੂੰ ਸਥਾਪਤ ਕਰਨ ਲਈ ਖਰਚੇ ਜਾਣਗੇ। ਇਸੇ ਤਰ੍ਹਾਂ 13 ਬਿਲੀਅਨ ਡਾਲਰ ਮਹਿੰਗਾਈ ਨੂੰ ਐਡਜੈਸਟ ਕਰਨ ਲਈ ਖਰਚੇ ਜਾਣਗੇ।

9/11 ਤੋਂ ਬਾਅਦ ਜਿਸ ਪੱਧਰ 'ਤੇ ਰਾਸ਼ਟਰੀ ਸੁਰੱਖਿਆ ਦੇ ਮਸਲੇ ਨੂੰ

**ਗਰਾਫ 2 | 9/11 ਅਨੁਮਾਨਤ ਖਰਚੇ ਨੈਸ਼ਨਲ ਸਕਿਊਰਿਟੀ ਏਰੀਆ ($ ਮਿਲੀਅਨਜ਼)**

| ਸਾਲ | ਨੈਸ਼ਨਲ ਡਿਫੈਂਸ | ਫੋਰਨਰ ਅਫੇਅਰਜ਼ | ਸਕਿਊਰਿਟੀ ਪ੍ਰੋਗਰਾਮ | ਲੀਗਲ ਪ੍ਰੋਗਰਾਮ |
|---|---|---|---|---|
| 2000-01 | $11,199 | $ 1,429 | $ 3,038 | $ 1,012 |
| 2001-02 | $11,390 | $ 1,551 | $ 3,188 | $ 1,091 |
| 2002-03 | $11,835 | $ 1,648 | $ 3,475 | $ 1,195 |
| 2003-04 | $12,255 | $ 1,728 | $ 3,647 | $ 1,330 |
| 2004-05 | $13,288 | $ 1,896 | $ 4,908 | $ 1,562 |
| 2005-06 | $13,425 | $ 1,989 | $ 5,331 | $ 1,398 |
| 2006-07 | $14,789 | $ 2,145 | $ 6,025 | $ 1,418 |
| 2007-08 | $16,882 | $ 2,002 | $ 6,509 | $ 1,235 |
| 2008-09 | $18,293 | $ 2,111 | $ 7,273 | $ 1,380 |
| 2009-10 | $19,239 | $ 2,162 | $ 7,312 | $ 1,416 |
| 2010-11 | $21,101 | $ 2,567 | $ 7,901 | $ 1,461 |
| 2011-12 | $21,299 | $ 2,615 | $ 8,698 | $ 1,532 |
| ਕੁੱਲ ਵਾਧਾ | +90% | +83% | +186% | +51% |

ਸਰੋਤ : ਸਰਕਾਰ ਦੀ ਖਰਚਾ ਯੋਜਨਾ ਦਾ ਮੁੱਖ ਅਨੁਮਾਨਤ ਭਾਗ 1 ਅਤੇ 2,
ਅੰਕੜਾ ਵਿਭਾਗ ਕੈਨੇਡਾ

ਅਹਿਮੀਅਤ ਦੇ ਕੇ ਅੰਦਰੂਨੀ ਸੁਰੱਖਿਆ ਉਪਰ ਖਰਚਾ ਵਧਾਇਆ ਗਿਆ ਉਸ ਨਾਲ ਲਗਾਤਾਰ ਅੰਦਰੂਨੀ ਅਰਥਚਾਰਾ ਪ੍ਰਭਾਵਤ ਹੋਇਆ। ਇਸ ਕਿਸਮ ਦੀ ਪ੍ਰਕਿਰਿਆ ਇਕ ਨਹੀਂ ਸਮੁੱਚੇ ਉਨ੍ਹਾਂ ਮੁਲਕਾਂ ਵਿਚ ਸਥਾਪਤ ਹੋਈ ਜਿਨ੍ਹਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਅਮਰੀਕਾ ਦੀ ਵਿਦੇਸ਼ ਨੀਤੀ ਜਿਸ ਵਿਚ ਉਨ੍ਹਾਂ ਦੀ ਜੰਗੀ ਆਰਥਿਕਤਾ ਸ਼ਾਮਲ ਹੈ, ਦਾ ਭਾਗੀਦਾਰ ਬਣੀ। ਇਸ ਦਾ ਸਭ ਤੋਂ ਵੱਡਾ ਫਾਇਦਾ ਜੋ ਸੋਚਿਆ ਜਾ ਰਿਹਾ ਸੀ ਕਿ ਇਸ ਜੰਗ ਦੇ ਸਮੁੱਚੇ ਖਰਚੇ ਦੀ ਪੂਰਤੀ ਅਸਿੱਧੇ ਜਾਂ ਸਿੱਧੇ ਰੂਪ ਵਿਚ ਉਨ੍ਹਾਂ ਮੁਲਕਾਂ ਤੋਂ ਹਾਸਲ ਕਰ ਲਈ ਜਾਏਗੀ ਜਿਨ੍ਹਾਂ ਉਪਰ ਜੰਗ ਮੜ੍ਹੀ ਗਈ ਹੈ ਪ੍ਰੰਤੂ ਕਈ ਵਾਰੀ ਸਥਿਤੀ ਤੁਹਾਡੇ ਹਿਸਾਬ ਨਾਲ ਨਹੀਂ ਚਲਦੀ। ਜੰਗ ਦਾ ਆਪਣਾ ਤਰਕ ਹੁੰਦਾ ਹੈ ਉਹ ਆਪਣੇ ਢੰਗ ਨਾਲ ਕਈ ਵਾਰੀ ਸਮੁੱਚੀ ਆਰਥਿਕਤਾ ਨੂੰ ਵੀ ਫਸਾ ਲੈਂਦੀ ਹੈ। ਇਸ ਕਿਸਮ ਦਾ ਬੜਾ ਕੁਝ ਪਹਿਲੀ ਤੇ ਦੂਸਰੀ ਸੰਸਾਰ ਜੰਗ ਸਮੇਂ ਵਾਪਰਿਆ ਸੀ। ਦੁਨੀਆ ਦਾ ਉਹ ਮੁਲਕ ਬਰਤਾਨੀਆ ਜਿਹੜਾ ਆਪਣੇ ਆਪ ਨੂੰ ਇਹ ਮਹਿਸੂਸ ਕਰਦਾ ਸੀ ਕਿ ਉਨ੍ਹਾਂ ਦਾ ਸੂਰਜ ਕਿਤੇ ਵੀ ਅਸਤ ਨਹੀਂ ਹੁੰਦਾ। ਉਹ ਵੀ ਦੂਸਰੀ ਸੰਸਾਰ ਜੰਗ ਵਿਚ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਇਥੋਂ ਤੱਕ ਕਿ ਉਨ੍ਹਾਂ ਨੂੰ ਕਈ ਦਹਾਕੇ ਆਪਣੇ ਆਪ ਨੂੰ ਪੈਰਾਂ ਉਪਰ ਖੜ੍ਹੇ ਕਰਨ ਲਈ ਦੂਸਰਿਆਂ ਵੱਲ ਦੇਖਣਾ ਪਿਆ ਸੀ। ਜੰਗੀ ਆਰਥਿਕਤਾ ਉਪਰ ਜਿਸ ਪੱਧਰ 'ਤੇ ਕੈਨੇਡੀਅਨ ਸਰਕਾਰਾਂ ਨੇ ਵੀ ਖਰਚਾ ਵਧਾਇਆ ਹੈ ਉਸ ਨੇ ਅੰਦਰੂਨੀ ਘਰੇਲੂ ਆਰਥਿਕਤਾ ਉਪਰ ਕਈ ਕਿਸਮ ਦੀਆਂ ਕਟੌਤੀਆਂ ਸੁਰੱਖਿਆ ਖਰਚਿਆਂ ਦੇ ਨਾਂ ਹੇਠ ਲਗਾ ਦਿੱਤੀਆਂ ਹਨ। ਦੁਨੀਆ ਨੂੰ ਅਗਵਾਈ ਦੇਣ ਵਾਲਾ ਅਮਰੀਕਾ ਦਾ ਆਰਥਿਕ ਮੰਦਵਾੜਾ ਹਰ ਇਕ ਦੇ ਸਾਹਮਣੇ ਹੈ। ਆਏ ਦਿਨ ਆਪਣੀ ਆਰਥਿਕਤਾ ਨੂੰ ਚਲਾਉਣ ਲਈ ਲੋਕਾਂ ਦੇ ਟੈਕਸਾਂ ਰਾਹੀਂ ਇਕੱਤਰ ਹੋਏ ਪੈਸੇ ਨੂੰ ਵੱਡੇ ਸਨਅਤੀ ਘਰਾਣਿਆਂ ਦਾ ਹਿੱਤ ਪੂਰਨ ਵਾਲੇ ਵਿੱਤੀ ਖੇਤਰ ਵਿਚ ਸੁੱਟੇ ਜਾ ਰਹੇ ਹਨ। ਇਥੋਂ ਤੱਕ ਕਿ ਦੁਨੀਆ ਦੀ ਆਰਥਿਕਤਾ ਨੂੰ ਨਵਾਂ ਮੋੜ ਦੇਣ ਵਾਲੀ ਆਈ ਐਮ ਐਫ ਅਤੇ ਵਰਲਡ ਬੈਂਕ ਨੇ ਵੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਅਸੀਂ ਇਕ ਭਿਆਨਕ ਤਬਾਹੀ ਵੱਲ ਨੂੰ ਵਧ ਰਹੇ ਹਾਂ। ਜੇ ਆਰਥਿਕਤਾ ਅੰਦਰ ਵੱਡੀਆਂ ਤਬਦੀਲੀਆਂ ਨਾ ਕੀਤੀਆਂ ਤਾਂ ਕਿਸੇ ਵੇਲੇ ਵੀ ਸਮੁੱਚੀ ਦੁਨੀਆ ਇਕ ਵੱਡੇ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋ ਸਕਦੀ ਹੈ। ਪ੍ਰਸਿੱਧ ਵਿਦਵਾਨ ਕ੍ਰਿਸ ਹਰਮਨ ਜਿਨ੍ਹਾਂ ਨੇ ਅਮਰੀਕਾ ਦੀ ਜੰਗੀ ਆਰਥਿਕਤਾ ਉਪਰ ਕੰਮ ਕੀਤਾ ਸੀ ਉਨ੍ਹਾਂ ਦੀ ਦਲੀਲ ਸੀ ਕਿ ਠੰਡੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਨੇ ਜਿਸ ਕਿਸਮ ਨਾਲ ਆਪਣੀ ਆਰਥਿਕਤਾ ਨੂੰ ਜੰਗੀ ਆਰਥਿਕਤਾ ਦੇ ਰੂਪ ਵਿਚ ਵਿਕਸਿਤ ਕਰ ਲਿਆ ਹੈ ਇਹ ਖੁਦ ਤਾਂ ਕੀ ਉਨ੍ਹਾਂ ਮੁਲਕਾਂ ਨੂੰ ਵੀ ਲੈ ਡੁੱਬੇਗਾ ਜਿਨ੍ਹਾਂ ਮੁਲਕਾਂ ਨੇ ਇਸ ਦੇ ਚਲਣ ਢੰਗ ਨੂੰ ਅਪਣਾ ਲਿਆ ਹੈ। ਇਸ ਸੰਦਰਭ ਵਿਚ ਕੈਨੇਡਾ ਵਰਗਾ ਸਮਾਜ ਜਿਹੜਾ ਇਕ ਵਿਲੱਖਣ ਕਿਸਮ ਦੀ ਬਹੁ-ਸਭਿਆਚਾਰ ਤੇ ਬਹੁ-ਆਰਥਿਕਤਾ ਦੇ ਤੌਰ 'ਤੇ ਆਪਣੇ ਆਪ ਨੂੰ ਸਥਾਪਤ ਕਰ ਚੁੱਕਾ ਸੀ ਅਤੇ ਭਵਿੱਖ ਵਿਚ ਵੈਲਫੇਅਰ ਰਾਜ ਦੇ ਤੌਰ 'ਤੇ ਇਕ ਨਵਾਂ ਭਲਾ ਸੁਧਰਿਆ ਹੋਇਆ ਪੂੰਜੀਵਾਦੀ ਪ੍ਰਬੰਧ ਹੀ ਸੀ ਪ੍ਰੰਤੂ ਫਿਰ ਵੀ ਦੁਨੀਆ ਦੇ ਬਹੁਗਿਣਤੀ ਸੂਝਵਾਨ ਲੋਕਾਂ ਲਈ ਖਿੱਚ ਦਾ ਕੇਂਦਰ ਸੀ। ਉਹ ਵੀ ਅਮਰੀਕਨ ਚਲਣ ਢੰਗ ਦੀ ਪ੍ਰਕਿਰਿਆ ਦਾ ਹਿੱਸਾ ਬਣ ਕੇ ਆਪਣੇ ਆਪ ਨੂੰ ਹੇਠਾਂ ਲਿਆ ਰਿਹਾ ਹੈ ਜਿਸ ਦਾ ਉਭਰਵਾਂ ਸਬੂਤ ਉਪਰੋਕਤ ਰੂਪ ਵਿਚ ਤਬਦੀਲ ਹੋਈ ਆਰਥਿਕ ਗਤੀਵਿਧੀ ਤੋਂ ਮਿਲਦਾ ਹੈ।

**ਗਰਾਫ 3 | ਨੈਸ਼ਨਲ ਸਕਿਊਰਿਟੀ ਅਤੇ ਪਬਲਿਕ ਸੇਫਟੀ ਪ੍ਰੋਗਰਾਮ ਵਿਚ ਖਰਚੇ 'ਤੇ ਵਾਧਾ ($ ਮਿਲੀਅਨਜ਼)**

| ਸਾਲ | ਸਰਵਿਸਜ਼ | ਆਰ ਸੀ ਐਮ ਪੀ | ਬਾਰਡਰ ਏਜੰਸੀ | ਇਟੈਲੀਜੈਂਸ ਸਰਵਿਸਜ਼ | ਐਮਰਜੈਂਸੀ ਤਿਆਰੀ | ਹੋਰ | ਕੁੱਲ |
|---|---|---|---|---|---|---|---|
| 2000-01 | $ 1,320 | $ 1,432 | $ _ | $ 170 | $ 83 | $ 33 | $ 3,038 |
| 2001-02 | $ 1,372 | $ 1,504 | $ _ | $ 192 | $ 87 | $ 33 | $ 3,188 |
| 2002-03 | $ 1,468 | $ 1,612 | $ _ | $ 248 | $ 111 | $ 36 | $ 3,475 |
| 2003-04 | $ 1,536 | $ 1,698 | $ _ | $ 259 | $ 110 | $ 44 | $ 3,647 |
| 2004-05 | $ 1,571 | $ 1,841 | $ 667 | $ 270 | $ 414 | $ 145 | $ 4,908 |
| 2005-06 | $ 1,597 | $ 1,863 | $ 1,022 | $ 292 | $ 431 | $ 126 | $ 5,331 |
| 2006-07 | $ 1,709 | $ 2,077 | $ 1,293 | $ 346 | $ 458 | $ 142 | $ 6,025 |
| 2007-08 | $ 1,870 | $ 2,368 | $ 1,440 | $ 346 | $ 428 | $ 57 | $ 6,509 |
| 2008-09 | $ 2,174 | $ 2,676 | $ 1,495 | $ 449 | $ 415 | $ 64 | $ 7,273 |
| 2009-10 | $ 2,205 | $ 2,647 | $ 1,483 | $ 496 | $ 422 | $ 59 | $ 7,312 |
| 2010-11 | $ 2,460 | $ 2,814 | $ 1,619 | $ 507 | $ 441 | $ 60 | $ 7,901 |
| 2011-12 | $ 2,981 | $ 2,883 | $ 1,846 | $ 509 | $ 415 | $ 64 | $ 8,698 |
| ਕੁੱਲ ਵਾਧਾ | +126% | +101% | +177% | +199% | +400% | +94% | 186% |

ਸਰੋਤ : ਸਰਕਾਰ ਦੀ ਖਰਚਾ ਯੋਜਨਾ ਦਾ ਮੁੱਖ ਅਨੁਮਾਨਤ ਭਾਗ 1 ਅਤੇ 2,
ਅੰਕੜਾ ਵਿਭਾਗ ਕੈਨੇਡਾ

ਦੇਸ਼ ਦੀ ਸੁਰੱਖਿਆ ਦੇ ਨਾਂ ਹੇਠ ਜਿਸ ਕਿਸਮ ਨਾਲ ਵੱਖ-ਵੱਖ ਏਜੰਸੀਆਂ ਦੀਆਂ ਸੇਵਾਵਾਂ ਉਪਰ ਖਰਚਾ ਵਧਾਇਆ ਗਿਆ ਹੈ ਜਿਸ ਵਿਚ ਵਾਧੇ ਦੀ ਦਰ ਹੈਰਾਨੀਜਨਕ ਹੈ ਇਸ ਸਮੁੱਚੀ ਤਸਵੀਰ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੇ ਹਸਪਤਾਲ ਚਲਾਉਣ ਸਰਕਾਰ ਕਿਉਂ ਅਸਮਰਥ ਹੋ ਰਹੀ ਹੈ। ਸਕੂਲਾਂ ਉਪਰ ਰਾਜਕੀ ਕੰਟਰੋਲ ਛੱਡ ਕੇ ਕਿਉਂ ਪ੍ਰਾਈਵੇਟ ਘਰਾਣਿਆਂ ਨੂੰ ਉਤਸ਼ਾਹ ਕੀਤਾ ਜਾ ਰਿਹਾ ਹੈ। ਟੈਕਸਾਂ ਦੀ ਦਰ ਰੋਜ਼ ਲੋਕਾਂ ਦੇ ਜੀਵਨ ਢੰਗ ਉਪਰ ਅਸਰ ਪਾ ਰਹੀ ਹੈ। ਉਪਰੋਕਤ ਸਵਾਲਾਂ ਦਾ ਜਵਾਬ ਤਲਾਸ਼ਣ ਲਈ ਇਕ ਬਦਲਵੇਂ ਲੋਕਾਂ ਦੀ ਸਰੋਤਾਂ ਉਪਰ ਪਹਿਰੇਦਾਰੀ ਤੇ ਕੰਟਰੋਲ ਕਰਨ ਵਾਲੇ ਜਥੇਬੰਦਕ ਤੇ ਸੰਘਰਸ਼ਸ਼ੀਲ ਹਿੱਸਿਆਂ ਨੂੰ ਵਿਕਸਿਤ ਕਰਨਾ ਅਜੋਕੇ ਰਾਜਨੀਤਕ ਤੇ ਆਰਥਿਕ ਤਾਣੇ ਬਾਣੇ ਦੀ ਅਣਸਰਦੀ ਲੋੜ ਹੈ।

- ਚਨਮੀਤ

# ਸਿੱਖ, ਪੂੰਜੀਵਾਦ ਅਤੇ ਸੰਸਥਾਵਾਂ ਦੇ ਸੰਦਰਭ ਵਿਚ

ਇਤਿਹਾਸ ਵਿਚ ਵੱਖ-ਵੱਖ ਸਮਿਆਂ 'ਤੇ ਜਦੋਂ ਵੀ ਕਿਸੇ ਨਾ ਕਿਸੇ ਪੱਧਰ 'ਤੇ ਸਮਾਜ 'ਚ ਸੰਕਟ ਆਇਆ ਹੈ ਤਾਂ ਉਸ ਸਮੇਂ ਵੱਖ ਵੱਖ ਸਮਾਜਿਕ ਲਹਿਰਾਂ ਉਤਪੰਨ ਹੋਈਆਂ। ਇਨ੍ਹਾਂ ਲਹਿਰਾਂ ਨੇ ਮੁੜ ਆਪਣੇ ਆਪ ਨੂੰ ਸਥਾਪਤ ਕਰਕੇ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਇਕ ਇਤਿਹਾਸ ਸਿਰਜਿਆ ਹੈ। ਇਨ੍ਹਾਂ ਲਹਿਰਾਂ ਵਿਚ ਸਮੁੱਚੇ ਵੱਖ-ਵੱਖ ਸਮੇਂ 'ਤੇ ਉਪਜੇ ਧਰਮਾਂ ਦਾ ਅਸਲ ਤੱਤ ਸਮਾਜਿਕ, ਸਭਿਆਚਾਰ, ਰਾਜਨੀਤਕ ਆਦਿ ਪਹਿਲੂਆਂ ਤੋਂ ਨਪੀੜੇ ਜਾ ਰਹੇ ਲੋਕਾਂ ਨੂੰ ਕਿਸੇ ਨਾ ਕਿਸੇ ਪੱਧਰ 'ਤੇ ਰਾਹਤ ਦੇਣਾ ਸੀ। ਇਸ ਸੰਦਰਭ ਵਿਚ ਜਦੋਂ ਅਸੀਂ ਕ੍ਰਿਸਚਨਟੀ ਉਪਰ ਨਜ਼ਰ ਮਾਰਦੇ ਹਾਂ ਤਾਂ ਉਨ੍ਹਾਂ ਦੀਆਂ ਸਮੁੱਚੀਆਂ ਲਿਖਤਾਂ ਵਿਚੋਂ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਵਿਚ ਬਹੁਤ ਕੁਝ ਆਮ ਲੋਕਾਂ ਦੇ ਜੀਵਨ ਦੇ ਪਹਿਲੂ ਤੋਂ ਹੈ। ਇਸੇ ਤਰ੍ਹਾਂ ਮੁਸਲਿਮ ਧਰਮ ਵਿਚ ਵੀ ਲੰਬਾ ਸਮਾਂ ਇਸ ਕਿਸਮ ਦੀ ਸੋਚ, ਸੋਝੀ ਸ਼ਾਮਲ ਰਹੀ ਹੈ ਜਿਸ ਨੇ ਉਨ੍ਹਾਂ ਨੂੰ ਸਮੇਂ ਦੇ ਹਾਲਾਤ ਨਾਲ ਮੜਿਕਣ ਲਈ ਪ੍ਰੇਰਿਆ ਹੈ। ਇਸੇ ਤਰ੍ਹਾਂ ਬੁੱਧਇਜ ਵਿਚ ਵੀ ਸਮੇਂ-ਸਮੇਂ 'ਤੇ ਗੈਰ ਤਰਕ ਸੰਗਤ ਵਿਚਾਰਾਂ ਨੂੰ ਪਰੇ ਕਰਕੇ ਤਰਕਮਈ ਸੋਚ ਨੂੰ ਹੁਲਾਰਾ ਦਿੱਤਾ ਗਿਆ। ਇਸੇ ਤਰ੍ਹਾਂ ਸਿੱਖ ਧਰਮ ਵਿਚ ਵੀ ਸਮੇਂ ਸਮੇਂ 'ਤੇ ਜਿਸ ਕਿਸਮ ਨਾਲ ਉਸ ਵੇਲੇ ਹੁਕਮਰਾਨ ਆਮ ਜਨ ਸਮੂਹ ਉਪਰ ਆਪਣਾ ਗਲਬਾ ਅਜਮਾਈ ਬੈਠੇ ਸਨ ਉਨ੍ਹਾਂ ਨਾਲ ਬੌਧਿਕ ਪੱਧਰ ਤੋਂ ਲੈ ਕੇ ਰਾਜਨੀਤਕ ਪੱਧਰ ਤੱਕ ਇਕ ਟਕਰਾਵਾਂ ਰੁਖ ਸਿੱਖ ਧਰਮ ਰਾਹੀਂ ਉਪਜਿਆ ਹੈ। ਤੱਤ ਰੂਪ ਵਿਚ ਬਹੁਤੇ ਧਰਮਾਂ ਅੰਦਰ ਕਿਸੇ ਨਾ ਕਿਸੇ ਪੱਧਰ 'ਤੇ ਲੋਕਾਂ ਨੂੰ ਆਜ਼ਾਦ ਕਰਨ ਵਾਲੀ ਪ੍ਰਕਿਰਿਆ ਨਾਲ ਹੀ ਜੋੜਿਆ ਹੈ। ਪਿਛਲੇ ਕੁਝ ਦਹਾਕਿਆਂ ਤੋਂ ਲਾਤੀਨੀ ਅਮਰੀਕਾ ਦੇ ਬਹੁਗਿਣਤੀ ਮੁਲਕਾਂ ਵਿਚ ਚਰਚ ਦਾ ਰੋਲ ਇਕ ਵੱਡੀ ਤਬਦੀਲੀ ਦੇ ਪੱਖ ਵਿਚ ਰਿਹਾ ਹੈ। ਇਥੋਂ ਤੱਕ ਕਿ ਬਹੁਗਿਣਤੀ ਹਿੱਸੇ ਨੇ ਚਰਚ ਨੂੰ ਸਮਾਜਿਕ ਤਬਦੀਲੀ ਦਾ ਅੰਗ ਬਣਾਇਆ ਹੈ। ਇਸ ਸੰਦਰਭ ਵਿਚ ਮਸਲਾ ਖੜ੍ਹਾ ਹੁੰਦਾ ਹੈ ਕਿ ਆਧੁਨਿਕ ਪੂੰਜੀਵਾਦੀ ਪ੍ਰਬੰਧ ਵਿਚ ਸਿੱਖ ਸੰਸਥਾਵਾਂ ਆਪਣਾ ਕਿਸ ਕਿਸਮ ਦਾ ਹਾਂਪੱਖੀ ਰੋਲ ਅਦਾ ਕਰ ਸਕਦੀਆਂ ਹਨ। ਇਹ ਗੱਲ ਸੱਚ ਹੈ ਕਿ ਪੂੰਜੀਵਾਦ ਨੇ ਲੋਕਾਂ ਨੂੰ ਮਾਨਸਿਕ ਅਤੇ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਬੁੰਦਲਾ ਦਿੱਤਾ ਹੈ। ਲੋਕ ਆਪਣੀ ਸ਼ਾਂਤੀ ਲੱਭਣ ਲਈ ਕਿਸੇ ਨਾ ਕਿਸੇ ਡੇਰੇ ਜਾਂ ਧਾਰਮਿਕ ਅਸਥਾਨ ਦਾ ਸਹਾਰਾ ਲੈਂਦੇ ਹਨ। ਇਸ ਸੰਦਰਭ ਵਿਚ ਕਾਰਲ ਮਾਰਕਸ ਨੇ ਕਿਹਾ ਸੀ ਕਿ ਧਰਮ ਲੋਕਾਂ ਲਈ ਅਫ਼ੀਮ ਬਣ ਜਾਂਦੀ ਹੈ। ਉਹ ਸਿਰਫ਼ ਅਗਲੇ ਜਨਮ ਦੇ ਸੋਹਣੇ ਸੁਪਨਿਆਂ ਵਿਚ ਗੁਲਤਾਨ ਹੋ ਕੇ ਅਜੋਕੇ ਸਮੇਂ ਵਿਚ ਆਪਣੇ ਪੈਰਾਂ ਵਿਚ ਪਈਆਂ ਬੇੜੀਆਂ ਨੂੰ ਭੁੱਲ ਜਾਂਦੇ ਹਨ ਜਾਂ ਉਨ੍ਹਾਂ ਨੂੰ ਢੱਕ ਲੈਂਦੇ ਹਨ। ਇਸ ਕਰਕੇ ਸ਼ਾਂਤੀ ਲੱਭਣ ਲਈ ਸਮਾਜ ਦੀ ਸਮਝਦਾਰੀ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਇਸ ਕਿਸਮ ਨਾਲ ਬਦਲਣਾ ਕਿ ਮਨੁੱਖ ਇਸ ਧਰਤੀ 'ਤੇ ਆਪਣਾ ਸੋਹਣਾ ਜੀਵਨ ਬਸਰ ਕਰ ਸਕੇ।

ਇਸ ਸਮੇਂ ਪੂੰਜੀਵਾਦ ਦੇ ਵਹਾਅ ਨੇ ਹਰ ਕਿਸਮ ਦੇ ਸਮਾਜਿਕ, ਸਭਿਆਚਾਰਕ ਇਥੋਂ ਤੱਕ ਕਿ ਧਾਰਮਿਕ ਮੁੱਲਾਂ ਨੂੰ ਵੀ ਲੈਣ-ਦੇਣ ਦੇ ਮੁੱਲਾਂ ਵਿਚ ਢਾਲ ਲਿਆ ਹੈ। ਅਕਸਰ ਇਹ ਬਹਿਸ ਚਲਦੀ ਹੈ ਕਿ ਲੋਕਾਂ ਵਿਚ ਨੈਤਿਕ ਕਦਰਾਂ ਕੀਮਤਾਂ ਅਤੇ ਉਨ੍ਹਾਂ ਦੇ ਚੰਗੇ ਮੁੱਲ ਤਬਾਹ ਹੁੰਦੇ ਜਾ ਰਹੇ ਹਨ। ਇਸ ਦਲੀਲ ਨੂੰ ਇਥੋਂ ਤੱਕ ਵਧਾਇਆ ਜਾਂਦਾ ਹੈ ਕਿ ਲੋਕਾਂ ਦਾ ਧਾਰਮਿਕ ਅਕੀਦਾ ਘਟਦਾ ਜਾ ਰਿਹਾ ਹੈ। ਪ੍ਰੰਤੂ ਇਸ ਵਿਚ ਸਭ ਤੋਂ ਵੱਡਾ ਫਲਾਅ ਇਹ ਹੈ ਕਿ ਪੂੰਜੀਵਾਦ ਦਾ ਹਾਥੀ ਹਰੇਕ ਕਿਸਮ ਦੀ ਤਾਕਤਵਰ ਵਿਰਾਸਤ ਨੂੰ ਵੀ ਆਪਣਾ ਅੰਗ ਸੰਗ ਬਣਾ ਲੈਂਦਾ ਹੈ। ਜਿਸ ਕਿਸਮ ਨਾਲ ਇਤਿਹਾਸਕ ਤੌਰ 'ਤੇ ਵਿਕਸਿਤ ਹੋਈਆਂ ਸਿੱਖ ਸੰਸਥਾਵਾ ਨੇ ਆਪਣਾ ਰੋਲ ਨਿਭਾਇਆ ਸੀ ਉਸ ਨੂੰ ਮੁੜ ਉਸੇ ਕਿਸਮ ਨਾਲ ਸੋਚਣ ਦੀ ਲੋੜ ਹੈ। ਵਿਰਾਸਤਾਂ ਜਦੋਂ ਪੂੰਜੀਵਾਦ ਦੇ ਪੱਖ ਵਿਚ ਵਰਤੀਆਂ ਜਾ ਰਹੀਆਂ ਹੋਣ ਜਿਸ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਵੇ ਉਸ ਸਮੇਂ ਸਿੱਖ ਸੰਸਥਾਵਾਂ ਨੂੰ ਮੁੜ ਆਪਣੇ ਵਿਰਾਸਤਮਈ ਸਮਝਦਾਰੀ ਅਤੇ ਸੋਚ ਉਪਰ ਪਹਿਰੇਦਾਰੀ ਕਰਕੇ ਲੋਕਾਂ ਦੇ ਮਸਲਿਆਂ ਦੇ ਪੱਖ ਵਿਚ ਖੜ੍ਹਨਾ ਚਾਹੀਦਾ ਹੈ। ਪੰਜਾਬੀ ਦੇ ਪ੍ਰਸਿੱਧ ਵਿਦਵਾਨ ਪ੍ਰੋ. ਕਿਸ਼ਨ ਸਿੰਘ ਹੋਰਾਂ ਦੀਆਂ ਲਿਖਤਾਂ ਰਾਹੀਂ ਜਿਸ ਕਿਸਮ ਨਾਲ ਸਿੱਖੀ ਦੀ ਵਿਆਖਿਆ ਕੀਤੀ ਗਈ ਹੈ ਜਿਸ ਵਿਚ ਕਿਰਤ ਕਰਨ ਵਾਲੇ ਪਹਿਲੂ ਤੋਂ ਸਿੱਖੀ ਦੀ ਦੇਣ ਨੂੰ ਉਚਾਇਆ ਗਿਆ ਹੈ ਉਹ ਮੁੜ ਵਾਚਣ ਦੀ ਲੋੜ ਹੈ। ਇਸੇ ਤਰ੍ਹਾਂ ਪ੍ਰਸਿੱਧ ਇਤਿਹਾਸਕਾਰ ਪ੍ਰੋ. ਜਗਜੀਤ ਸਿੰਘ ਜਿਨ੍ਹਾਂ ਨੇ ਕਿਊਬਇਨ ਇਨਕਲਾਬ ਤੋਂ ਲੈ ਕੇ ਸਿੱਖ ਇਨਕਲਾਬ ਦੇ ਸਿਧਾਂਤਾਂ ਵਿਚ ਇਹ ਸਪਸ਼ਟ ਧਾਰਨਾ ਖੜ੍ਹੀ ਕੀਤੀ ਕਿ ਸਿੱਖ ਧਰਮ ਤਾਂ ਦੱਬੇ ਕੁਚਲੇ ਲੋਕਾਂ ਦੀ ਵਕਾਲਤ ਕਰਨ ਵਾਲਾ ਹੈ। ਉਨ੍ਹਾਂ ਨੂੰ ਆਜ਼ਾਦੀ ਦਾ ਜਾਮਾ ਪਹਿਨਾਉਣ ਵਾਲਾ ਹੈ। ਇਸ ਕਰਕੇ ਹੁਣ ਵੀ ਇਨ੍ਹਾਂ ਵਿਚਾਰਾਂ ਨੂੰ ਇਤਿਹਾਸ ਦੇ ਸਹੀ ਸੰਦਰਭ ਵਿਚ ਰੱਖ ਕੇ ਵਾਚਣ ਦੀ ਲੋੜ ਹੈ। ਨਹੀਂ ਤਾਂ ਜਿਸ ਕਿਸਮ ਨਾਲ ਵੱਡੀਆਂ ਸੰਸਥਾਵਾਂ ਤੇ ਵਿਰਾਸਤਾਂ ਪੂੰਜੀਵਾਦੀ ਤੰਤਰ ਨੇ ਆਪਣੇ ਪੱਖ ਵਿਚ ਵਰਤੀਆਂ ਸ਼ੁਰੂ ਕਰ ਦਿੱਤੀਆਂ ਹਨ ਉਸ ਨਾਲ ਹੌਲੀ ਹੌਲੀ ਵਿਰਾਸਤ ਦੀ ਅਸਲ ਰੂਹ ਵੀ ਖਾਰਜ ਹੋ ਜਾਵੇਗੀ। ਸੋ ਇਸ ਸੰਦਰਭ ਵਿਚ ਸਾਨੂੰ ਮੁੜ ਲੋਕਾਂ ਦੇ ਜੀਵਨ ਮੁੱਲਾਂ ਨੂੰ ਸਮਾਜਿਕ ਦ੍ਰਿਸ਼ਟੀਕੋਣ ਤੋਂ ਵਡੇਰਾ ਰੂਪ ਦੇਣ ਲਈ ਇਤਿਹਾਸਕ ਵਿਰਾਸਤਾਂ, ਪ੍ਰੰਪਰਾਵਾਂ ਤੇ ਰਵਾਇਤਾਂ ਉਪਰ ਪਹਿਰੇਦਾਰੀ ਵਿਕਸਿਤ ਕਰਨ ਵੱਲ ਕਦਮ ਉਠਾਉਣੇ ਚਾਹੀਦੇ ਹਨ।

**ਅਸੀਂ ਆਧੁਨਿਕ ਸਮਿਆਂ ਦੀ ਲੋੜ ਨੂੰ ਮੁੱਖ ਰੱਖਦਿਆਂ ਵੈਬਸਾਈਟ www.ppapmg.com ਦੇ ਤੌਰ 'ਤੇ ਤੁਹਾਡੇ ਸਨਮੁੱਖ ਹੋ ਗਏ ਹਾਂ। ਉਮੀਦ ਹੈ ਇਨ੍ਹਾਂ ਕਦਮਾਂ ਵਿਚ ਤੁਹਾਡੀ ਹਿੱਸੇਦਾਰੀ ਸਾਡੇ ਲਈ ਇਕ ਨਵਾਂ ਹੁੰਗਾਰਾ ਅਤੇ ਉਤਸ਼ਾਹ ਭਰੇਗੀ।**

**-ਸੰਪਾਦਕੀ ਮੰਡਲ**

- ਹਰਬੰਸ ਸਿੰਘ

# ਬੌਧਿਕ ਪੱਧਰ ਦੀ ਕੰਗਾਲੀ ਦਾ ਮਸਲਾ

21ਵੀਂ ਸਦੀ ਦੇ ਪੈਮਾਨੇ ’ਤੇ ਮੈਨੂੰ ਵਿਚਰਨ ਦਾ ਮੌਕਾ ਮਿਲਿਆ। ਮੈਂ ਆਪਣਾ ਵਤਨ ਛੱਡ ਕੇ ਕੁਝ ਦਹਾਕੇ ਪਹਿਲਾਂ ਆਪਣਾ ਰੇਣ ਬਸੇਰਾ ਕੈਨੇਡਾ ਦੀ ਧਰਤੀ ’ਤੇ ਬਣਾ ਲਿਆ। ਇਹ ਪਤਾ ਨਹੀਂ ਮਨੁੱਖੀ ਫਿਦਰਤ ਹੁੰਦੀ ਹੈ ਜਾਂ ਮਨੁੱਖ ਦੇ ਅੰਦਰ ਛੁਪਿਆ ਕੋਈ ਲਾਲਚ ਹੁੰਦਾ ਹੈ ਜਾਂ ਕੋਈ ਅਜਿਹੀ ਖੁਹਾਇਸ ਹੁੰਦੀ ਹੈ ਕਿ ਉਹ ਦੁਨੀਆ ਨੂੰ ਆਪਣੇ ਢੰਗ ਨਾਲ ਦੇਖੇ ਅਤੇ ਉਸ ਵਿਚ ਵਿਚਰ ਕੇ ਉਸ ਦੀਆਂ ਕਦਰਾਂ ਕੀਮਤਾਂ, ਜੀਵਨ ਜਾਚ ਅਤੇ ਕਿਰਤ ਕਰਨ ਦੇ ਢੰਗਾਂ ਨੂੰ ਸਮਝ ਸਕੇ। ਹਾਲਾਂਕਿ ਮੈਂ ਉਸ ਦੌਰ ਵਿਚ ਪਰਵਾਸ ਕੀਤਾ ਜਦੋਂ ਕਿਸੇ ਨਾ ਕਿਸੇ ਪੱਧਰ ’ਤੇ ਮੇਰੇ ਕੋਲ ਆਪਣੀ ਜੀਵਕਾ ਲਈ ਕਾਫ਼ੀ ਕੁਝ ਸੀ। ਆਰਥਿਕ ਤੰਗੀਆਂ ਤਰੁਟੀਆਂ ਮੇਰਾ ਖਹਿੜਾ ਛੱਡ ਚੁੱਕੀਆਂ ਸਨ। ਲੋਭ ਲਾਲਚ ਕਿਸਮ ਦੀ ਪ੍ਰਵਿਰਤੀ ਮੈਂ ਆਪਣੇ ਪੜ੍ਹਾਈ ਦੇ ਸਮੇਂ ਦੌਰਾਨ ਹੀ ਪਰ੍ਹੇ ਵਗ੍ਹਾ ਮਾਰ ਚੁੱਕਿਆ ਸੀ। ਉਸ ਸਮੇਂ ਹੀ ਮੈਨੂੰ ਸਮਝ ਆ ਗਈ ਸੀ ਕਿ ਜੀਵਨ ਬੜਾ ਖੂਬਸੂਰਤ ਹੁੰਦਾ ਹੈ। ਇਸ ਨੂੰ ਬੜੇ ਸਲੀਕੇ ਨਾਲ ਖੁਦ ਲਈ ਅਤੇ ਸਮਾਜ ਲਈ ਜਿਊਣਾ ਹੁੰਦਾ ਹੈ। ਇਸ ਤੋਂ ਵੀ ਪਾਰ ਜੇ ਕੋਸ਼ਿਸ਼ ਹੋ ਸਕੇ ਤਾਂ ਸਮਾਜਿਕ ਤਬਦੀਲੀ ਵਿਚ ਆਪਣੀ ਭਾਗੀਦਾਰੀ ਕਰਕੇ ਸਮਾਜ ਨੂੰ ਵੀ ਆਪਣੀ ਸੋਝੀ ਅਨੁਸਾਰ ਤਬਦੀਲ ਕਰ ਦੇਣਾ ਚਾਹੀਦਾ ਹੈ। ਇਸ ਸਮਾਜਿਕ ਸਰੋਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਅਕਸਰ ਅੱਜ ਤੱਕ ਮੈਂ ਸੋਚ ਰਿਹਾ ਹਾਂ। ਇਸ ਸੋਚ ਨੇ ਮੇਰੇ ਦੇਖਣ ਦੇ ਨਜ਼ਰੀਏ ’ਤੇ ਬੜਾ ਭਾਰੀ ਅਸਰ ਕੀਤਾ ਹੋਇਆ ਹੈ। ਮੈਂ ਇਸ ਪੱਖ ਵਿਚ ਨਹੀਂ ਹਾਂ ਕਿ ਮਨੁੱਖ ਨੂੰ ਪੂੰਜੀ ਦੇ ਕਲਾਵੇ ਵਿਚ ਆ ਕੇ ਆਪਣਾ ਸਭ ਕੁਝ ਭੁੱਲ ਜਾਣਾ ਚਾਹੀਦਾ ਹੈ ਅਤੇ ਉਸ ਵਿਚ ਗਲਤਾਨ ਹੋ ਜਾਣਾ ਚਾਹੀਦਾ ਹੈ। ਹਾਲਾਂਕਿ ਮੈਨੂੰ ਪਤਾ ਹੈ ਕਿ ਜਿਸ ਧਰਤੀ ’ਤੇ ਮੈਂ ਰਹਿ ਰਿਹਾ ਹਾਂ ਉਥੇ ਵੀ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਨੂੰ ਚਲਾਉਣ ਲਈ ਕਈ ਕਿਸਮ ਦੇ ਤਰੱਦਦ ਕਰਨੇ ਪੈਂਦੇ ਹਨ ਪਰ ਇਨ੍ਹਾਂ ਤਰੱਦਦਾਂ ਵਿਚ ਕਿਸੇ ਨਾ ਕਿਸੇ ਪੱਧਰ ’ਤੇ ਅਜਿਹੀ ਪਾਰਦਰਸ਼ਕਤਾ ਜ਼ਰੂਰ ਹੁੰਦੀ ਹੈ ਕਿ ਮਾਨਵੀ ਰਿਸ਼ਤੇ ਆਪਸ ਵਿਚ ਕਿਸੇ ਨਾ ਕਿਸੇ ਪੱਧਰ ’ਤੇ ਮਨੁੱਖੀ ਗੁਣਾਂ ਨੂੰ ਸਮੋਈ ਬੈਠੇ ਹੁੰਦੇ ਹਨ। ਕੰਮਕਾਰ ਦੌਰਾਨ ਜਾਂ ਕੰਮ ਤੋਂ ਬਾਅਦ ਜਦੋਂ ਉਸ ਪ੍ਰਬੰਧ ਵਿਚ ਵਿਚਰੀ ਦਾ ਹੈ ਤਾਂ ਕਈ ਅਜਿਹੇ ਮਸਲੇ ਸਨਮੁਖ ਖੜ੍ਹੇ ਹੋ ਜਾਂਦੇ ਹਨ ਕਿ ਕੀ ਕਾਰਨ ਹੈ ਕਿ ਅਸੀਂ ਜਦੋਂ ਵਤਨ ਵਾਪਸ ਜਾਂਦੇ ਹਾਂ ਕੁਝ ਸਮੇਂ ਬਾਅਦ ਇੰਜ ਜਾਪਣ ਲੱਗਦਾ ਹੈ ਕਿ ਵਿਦੇਸ਼ ਦੀ ਧਰਤੀ ’ਤੇ ਕਿਰਤ ਕਰਕੇ ਦਿਨ ਬਸਰ ਕਰਨੇ ਕਾਫ਼ੀ ਸੁਖਾਲੇ ਹਨ ਅਤੇ ਆਪਣੀ ਜਨਮ ਭੂਮੀ ’ਤੇ ਕੁਝ ਪਲ ਵੀ ਗੁਜ਼ਾਰਨੇ ਔਖੇ ਕਿਉਂ ਹੋ ਜਾਂਦੇ ਹਨ। ਇਹ ਸੋਚ ਨੇ ਮੈਨੂੰ ਆਪਣੀ ਵਤਨ ਫੇਰੀ ਦੌਰਾਨ ਘੇਰੀ ਰੱਖਿਆ। ਮੈਂ ਆਪਣੇ ਘਰ ਪਰਿਵਾਰ, ਦੋਸਤਾਂ ਮਿੱਤਰਾਂ, ਸਮਾਜਿਕ ਸਰੋਕਾਰਾਂ ਨਾਲ ਵਿਅਸਤ ਇਨਸਾਨਾਂ ਨਾਲ ਕੁਝ ਹਫ਼ਤੇ ਗੁਜ਼ਾਰੇ। ਮੈਨੂੰ ਜਾਪਿਆ ਕਿ ਸ਼ਾਇਦ ਮੈਂ ਹੀ ਕਿਸੇ ਨਾ ਕਿਸੇ ਹੱਦ ਤੱਕ ਟਪਲਾ ਖਾ ਰਿਹਾ ਹਾਂ। ਇਥੇ ਤਾਂ ਸਭ ਕੁਝ ਠੀਕ ਠਾਕ ਚਲ ਰਿਹਾ ਹੈ। ਲੋਕ ਆਪਣੇ ਸਮਾਜਿਕ ਝਗੜਿਆਂ, ਕਲੇਸ਼ਾਂ ਅਤੇ ਪਰਿਵਾਰਕ ਉਲਝਣਾਂ ਵਿਚ ਪੂਰੀ ਤਰ੍ਹਾਂ ਬੇਅਸਤ ਹਨ ਪਤਾ ਨਹੀਂ ਇਨ੍ਹਾਂ ਨੂੰ ਇਸ ਵਿਚੋਂ ਆਨੰਦ ਆਉਂਦਾ ਹੈ ਜਾਂ ਕਿਸੇ ਨਾ ਕਿਸੇ ਪੱਧਰ ’ਤੇ ਇਨ੍ਹਾਂ ਦੀ ਬੌਧਿਕ ਸਮਝਦਾਰੀ



ਇਸ ਹੱਦ ਤੱਕ ਹੇਠਾਂ ਚਲੀ ਗਈ ਹੈ ਕਿ ਇਨ੍ਹਾਂ ਨੂੰ ਆਪਣੇ ਮਸਲੇ ਸੁਲਝਾਉਣੇ ਵੀ ਨਹੀਂ ਆ ਰਹੇ। ਕਈ ਵਾਰੀ ਇੰਝ ਜਾਪਿਆ ਕਿ ਸ਼ਾਇਦ ਨਸ਼ੇ ਜੋ ਕਿ ਰੋਜ਼ਮਰਾ ਦੀ ਜੀਵਨ ਜਾਚ ਦਾ ਹਿੱਸਾ ਬਣ ਗਏ ਹਨ ਉਹ ਹੀ ਇਨ੍ਹਾਂ ਨੂੰ ਇਕ ਅਜਨਬੀ ਕਿਸਮ ਦਾ ਆਨੰਦ ਦੇ ਰਹੇ ਹਨ। ਜਿਸ ਰਾਹੀਂ ਉਹ ਸਮਾਜਿਕ ਸਰੋਕਾਰਾਂ ਦੀ ਬੁੱਧੀ ਤੋਂ ਕੋਹਾਂ ਦੂਰ ਚਲੇ ਗਏ ਹਨ। ਮੇਰੇ ਆਸੇ ਪਾਸੇ ਪਿੰਡ ਦੀਆਂ ਸੰਸਥਾਵਾਂ ਦਾ ਕੋਈ ਨਾਂ ਨਿਸ਼ਾਨ ਨਹੀਂ। ਸਾਂਝੇ ਕੰਮਾਂ ਦੀ ਪਹਿਲ ਕਦਮੀ ਵੇਲਾ ਵਹਾਅ ਚੁੱਕੀ ਹੈ। ਹਰ ਕੋਈ ਆਪਣੇ ਨਿੱਜੀ ਨਫ਼ਿਆਂ ਲਈ ਆਪਣੀ ਕਿਸਮ ਦੀ ਸੋਚ ਪਿੰਡ ਵਿਚ ਵਿਕਸਿਤ ਕਰ ਰਿਹਾ ਹੈ। ਮੈਨੂੰ ਕੋਈ ਵੀ ਅਜਿਹੀ ਸਾਂਝੀ ਸੰਸਥਾ ਦੇ ਦਰਸ਼ਨ ਨਹੀਂ ਹੋਏ ਜਿਸ ਰਾਹੀਂ ਮੈਂ ਕਹਿ ਸਕਾਂ ਕਿ ਇਸ ਦੌਰ ਵਿਚੋਂ ਪੰਜਾਬ ਦਾ ਪਿੰਡ ਉਭਰ ਸਕੇਗਾ। ਹਾਲਾਂਕਿ ਕਈ ਕਿਸਮ ਦੇ ਸਰਕਾਰੀ ਅਤੇ ਗੈਰ ਸਰਕਾਰੀ ਇਥੋਂ ਤੱਕ ਉਚ ਸੰਸਥਾਵਾਂ ਵਿਚ ਲਿਆਕਤ ਹਾਸਲ ਕਰ ਚੁੱਕੇ ਕਿੰਨੇ ਹੀ ਵਿਦਿਆਰਥੀ ਮੇਰੇ ਪਿੰਡ ਦਾ ਹਿੱਸਾ ਹਨ ਪ੍ਰੰਤੂ ਬੌਧਿਕ ਪੱਧਰ ’ਤੇ ਉਨ੍ਹਾਂ ਦੀ ਸੋਚ ਵਿਚ ਕਿਸੇ ਵੀ ਕਿਸਮ ਦਾ ਸਮਾਜਿਕ, ਸਭਿਆਚਾਰਕ, ਰਾਜਨੀਤਕ ਅਤੇ ਇਥੋਂ ਤੱਕ ਕਿ ਖੇਡਾਂ ਦੇ ਖੇਤਰ ਵਿਚ ਕੁਝ ਕਰ ਗੁਜ਼ਰਨ ਦੀ ਭਾਵਨਾ ਹੋਵੇ। ਇਹ ਜ਼ਰੂਰ ਹੈ ਕਿ ਆਪਸ ਵਿਚ ਜਾਤਾਂ, ਧਰਮਾਂ ਅਤੇ ਮਜ਼ਬ੍ਹਾਂ ਨੂੰ ਉਤਸ਼ਾਹਤ ਕਰਨ ਵਾਲੇ ਛੋਟੇ ਛੋਟੇ ਗਰੁੱਪ ਹਰੇਕ ਐਤਵਾਰ ਨੂੰ ਕਿਸੇ ਨਾ ਕਿਸੇ ਡੇਰੇ ਵਿਚ ਆਪਣੀ ਸੁੱਖ ਸ਼ਾਂਤੀ ਲੱਭਣ ਵਾਸਤੇ ਜ਼ਰੂਰ ਜਾਂਦੇ ਹਨ। ਮੈਨੂੰ ਇੰਝ ਜਾਪਦਾ ਹੈ ਕਿ ਪਿਛਲੇ ਦੋ ਦਹਾਕਿਆਂ ਵਿਚ ਜਦੋਂ ਅਸੀਂ ਸਮੁੱਚੀ ਦੁਨੀਆ ਨੂੰ ਇਕ ਪਿੰਡ ਦੇ ਤੌਰ ’ਤੇ ਨਾਂ ਦੇ ਰਹੇ ਹਾਂ ਉਸ ਵੇਲੇ ਵੀ ਮੇਰੇ

ਪਿੰਡਾਂ ਵਿਚ ਅਜਿਹੀ ਦੁਨੀਆ ਵਾਲੀ ਕੋਈ ਗੱਲ ਨਹੀਂ ਹੈ ਜਿਸ 'ਤੇ ਮੈਂ ਫਖਰ ਮਹਿਸੂਸ ਕਰ ਸਕਾਂ ਕਿ ਆਧੁਨਿਕ ਗਿਆਨ ਤੇ ਤਕਨਾਲੋਜੀ ਦੀ ਸਮਝ ਉਪਰ ਆਧਾਰਤ ਕਿਸੇ ਨਾ ਕਿਸੇ ਕਿਸਮ ਦਾ ਵਿਗਿਆਨਕ ਦ੍ਰਿਸ਼ਟੀਕੋਣ ਪਿੰਡ ਦੀ ਸੱਥ ਦਾ ਹਿੱਸਾ ਹੋਵੇ। ਲਗਾਤਾਰ ਪੁਰਾਣੀਆਂ ਵਿਰਾਸਤਮਈ ਸੋਚਾਂ ਅਤੇ ਸਮਝਾਂ ਮੇਰੇ ਪਿੰਡਾਂ ਵਿਚੋਂ ਮੈਨੂੰ ਗਾਇਬ ਲੱਗੀਆਂ। ਸਿਰਫ਼ ਤੇ ਸਿਰਫ਼ ਕਿਸੇ ਵੀ ਹਿੱਸੇ ਵੱਲ ਸਫ਼ਰ ਕਰਦਿਆਂ ਇੰਝ ਜਾਪਿਆ ਕਿ ਪਿੰਡਾਂ ਵਿਚ ਛਾਈ ਉਦਾਸੀ ਦੇ ਉਲਟ ਵੱਖ-ਵੱਖ ਪੱਧਰ 'ਤੇ ਉਸਾਰੇ ਵੱਡੇ ਸ਼ਾਂਤੀ ਦਾ ਕੇਂਦਰ ਮਹਿਸੂਸ ਕਰ ਰਹੇ ਡੇਰਿਆਂ ਵਿਚ ਸਰਮਾਏ ਦਾ ਹਿੱਸਾ ਬਣ ਗਈ ਹੈ। ਇਥੋਂ ਤੱਕ ਕਿ ਵੱਡੀਆਂ ਵੱਡੀਆਂ ਬਿਲਡਿੰਗਾਂ ਅਤੇ ਉਨ੍ਹਾਂ ਬਿਲਡਿੰਗਾਂ ਉਪਰ ਮਲਕੀਅਤ ਦਾ ਹਿੱਸਾ ਚੰਦ ਕੁ ਘਰਾਣਿਆਂ ਕੋਲ ਚਲਾ ਗਿਆ ਹੈ। ਕੁਝ ਸੰਸਥਾਵਾਂ ਵਿਚ ਵੀ ਜਾਣ ਦਾ ਮੌਕਾ ਮਿਲਿਆ। ਦੇਖਿਆ ਕਿ ਦੇਖਣ ਨੂੰ ਬਿਲਡਿੰਗਾਂ ਸੋਹਣੀਆਂ ਹਨ, ਕਮਰੇ ਖਿੱਚ ਭਰਪੂਰ ਹਨ ਪ੍ਰੰਤੂ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਕੋਈ ਰੌਣਕ ਨਹੀਂ। ਕੁਝ ਨੂੰ ਕਰੇਦਣ ਤੋਂ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਦੇ ਮਾਂ ਬਾਪ ਆਪਣੀ ਕਮਾਈ ਇਨ੍ਹਾਂ ਸੰਸਥਾਵਾਂ ਵਿਚ ਇਸ ਕਰਕੇ ਦੇਈ ਜਾ ਰਹੇ ਹਨ ਕਿ ਸ਼ਾਇਦ ਉਨ੍ਹਾਂ ਦੇ ਬੱਚੇ ਨੂੰ ਕੋਈ ਵਧੀਆ ਸਰਟੀਫਿਕੇਟ ਮਿਲ ਜਾਵੇ ਅਤੇ ਮੁੜ ਉਹ ਕਿਸੇ ਨਾ ਕਿਸੇ ਦੇਸ਼ ਦਾ ਬਾਸ਼ਿੰਦਾ ਬਣ ਸਕੇ ਜਿਸ ਨਾਲ ਉਹ ਉਨ੍ਹਾਂ ਦੀ ਜਿਲਤ ਤੇ ਗਰੀਬੀ ਨੂੰ ਦੂਰ ਕਰ ਸਕੇਗਾ। ਇਸ ਭਰਮ ਭੁਲੇਖਾ ਵਿਚ ਬਹੁਗਿਣਤੀ ਮਾਪੇ ਆਪਣੇ ਸਰਮਾਇਆ ਇਧਰੋਂ ਉਧਰੋਂ ਹਾਸਲ ਕਰਕੇ ਜਾਂ ਆਪਣੀ ਕਿਰਤ ਕਮਾਈ ਵਿਚੋਂ ਲਗਾਈ ਜਾ ਰਹੇ ਹਨ। ਪੰਜਾਬ ਵਿਚ ਹਜ਼ਾਰਾਂ ਪੜ੍ਹੇ ਲਿਖੇ ਇੰਜੀਨੀਅਰ/ਟੀਚਰ ਰੋਜ਼ ਕਿਸੇ ਨਾ ਕਿਸੇ ਸੁਰਖੀ ਦਾ ਹਿੱਸੇ ਬਣੇ ਹੁੰਦੇ ਸਨ ਕਿ ਉਹ ਜਾਂ ਆਪਣੀ ਦਿੱਕਤ ਨੂੰ ਹੁਕਮਰਾਨਾਂ ਨੂੰ ਦੱਸ ਰਹੇ ਹਨ ਜਾਂ ਉਨ੍ਹਾਂ ਦਾ ਘਿਰਾਓ ਕਰ ਰਹੇ ਹਨ ਜਾਂ ਇਥੋਂ ਤੱਕ ਆਪਣੀ ਖ਼ੂਬਸੂਰਤ ਜ਼ਿੰਦਗੀ ਨੂੰ ਵੀ ਦਾਅ 'ਤੇ ਲਾਉਣ ਤੱਕ ਚਲੇ ਜਾਂਦੇ ਹਨ। ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੋਈ ਅਤੇ ਮੈਂ ਕਈ ਦਿਨ ਇਹ ਸੋਚਦਾ ਰਿਹਾ ਕਿ ਕੋਈ ਅਜਿਹਾ ਸਮਾਂ ਵੀ ਆਵੇਗਾ ਕਿ ਸੰਘਰਸ਼ ਕਰਨ ਵਾਲੇ ਲੋਕ ਆਪਣੇ ਆਪ ਨੂੰ ਟੈਂਕੀਆਂ ਉਪਰ ਚਾੜ੍ਹ ਲੈਣਗੇ ਅਤੇ ਇਥੋਂ ਤਕ ਆਤਮ ਹੱਤਿਆ ਕਰਨ ਤੱਕ ਚਲੇ ਜਾਣਗੇ। ਇਸ ਕਿਸਮ ਦੀ ਸਿਰਫ਼ ਰਿਜ਼ਕ ਲਈ ਜੀਵਨ ਦੀ ਖੇਡ ਨੂੰ ਖਤਮ ਕਰ ਲੈਣਾ ਕਦੇ ਵੀ ਪੰਜਾਬ ਦੇ ਹਿੱਸੇ ਵਿਚ ਨਹੀਂ ਰਿਹਾ। ਹਾਲਾਂਕਿ ਜਦੋਂ ਦਾ ਪੰਜਾਬ ਦਾ ਇਤਿਹਾਸ ਬਣਿਆ ਹੈ ਉਸ ਸਮੇਂ ਤੋਂ ਹੀ ਇਸ ਖਿੱਤੇ ਦੇ ਲੋਕ ਕਿਸੇ ਨਾ ਕਿਸੇ ਰੂਪ 'ਚ ਸੰਘਰਸ਼ਸ਼ੀਲ ਰਹੇ ਹਨ ਜਾਂ ਕਿਸੇ ਚੁਣੌਤੀ ਨੇ ਉਨ੍ਹਾਂ ਨੂੰ ਲੜਨ ਲਈ ਮਜਬੂਰ ਕੀਤਾ ਹੈ, 20ਵੀਂ ਸਦੀ ਦੇ ਮੁਢਲੇ ਵਰ੍ਹਿਆਂ 'ਚ ਜਿੰਨਾ ਆਰਥਿਕ ਮੰਦਵਾੜਾ ਪੰਜਾਬ ਵਿਚ ਸੀ। ਹਜ਼ਾਰਾਂ ਲੋਕ ਰਿਜ਼ਕ ਲਈ ਅਮਰੀਕਾ ਵਰਗੇ ਭਰੂਣ ਰੂਪ ਵਿਚ ਵਿਕਸਿਤ ਹੋਏ ਮੁਲਕ ਵਿਚ ਚਲੇ ਗਏ ਸਨ ਪਰ ਉਥੋਂ ਵੀ ਆਪਣੇ ਅੰਦਰ ਇਕ ਨਵੀਂ ਰੌਸ਼ਨੀ ਤੇ ਚਿਣਗ ਲੈ ਕੇ ਪੰਜਾਬ ਵਿਚ ਗ਼ਦਰ ਕਰਨ ਦੇ ਸੁਪਨੇ ਲੈਣ ਲੱਗੇ ਅਤੇ ਉਨ੍ਹਾਂ ਨੂੰ ਹਕੀਕਤ ਵਿਚ ਬਦਲਣ ਲਈ ਕਰਤਾਰ ਸਿੰਘ ਸਰਾਭਾ ਵਰਗੇ ਵਾਪਸ ਵਰਤੇ ਅਤੇ ਇਕ ਨਵੀਂ ਤਬਦੀਲੀ ਵਾਲੀ ਰੂਹ ਪੰਜਾਬ ਵਿਚ ਭਰਨ ਲੱਗੇ। ਇਸੇ ਤਰ੍ਹਾਂ ਜੈਤੋਂ ਦਾ ਮੋਰਚਾ ਅਤੇ 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਕੁਰਬਾਨੀਆਂ ਇਥੋਂ ਤੱਕ ਆਜ਼ਾਦੀ ਤੱਕ ਸੰਘਰਸ਼ਮਈ ਲਹਿਰਾਂ ਉਹ ਇਤਿਹਾਸ ਰਿਹਾ ਹੈ ਜਿਸ ਨੇ ਪੰਜਾਬ ਵਿਚ ਤਬਦੀਲੀ ਲਈ ਲੜਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵਧਾਈ ਹੈ। ਦੇਸ਼ ਦੇ ਹੁਕਮਰਾਨਾਂ ਦੇ ਚਲੇ ਜਾਣ ਕਾਰਨ ਜਿਸ ਕਿਸਮ ਦੀ 1947 ਦੀ ਤਰਾਸਦੀ 'ਚੋਂ ਪੰਜਾਬ ਗੁਜ਼ਰਿਆ ਹੈ ਇਸ ਦਾ ਲੇਖਾ ਜੋਖਾ ਕਰਨਾ ਤਾਂ ਇਕ ਵੱਡਾ ਕਾਰਜ ਹੈ ਪ੍ਰੰਤੂ ਲੋਕ ਤਾਂ ਉਸ ਉਜਾੜੇ 'ਚੋਂ ਵੀ ਉਭਰ ਗਏ ਸਨ। ਅਜੇ ਲੋਕਾਂ ਨੇ 15-20 ਸਾਲ ਆਪਣੇ ਆਪ ਨੂੰ ਸਥਾਪਤ ਹੀ ਕੀਤਾ ਸੀ ਕਿ 1980 ਤੋਂ ਲੈ ਕੇ 85 ਤੱਕ ਇਕ ਫੇਰ ਆਰਥਿਕ ਤੇ ਸਮਾਜਿਕ ਸੰਕਟ ਲੋਕਾਂ ਦੇ ਸਨਮੁੱਖ ਆ ਪਿਆ ਜਿਸ ਤਹਿਤ ਲੋਕਾਂ ਦੀ ਜੀਵਨ ਜਾਚ ਰੁਕ ਗਈ ਸੀ। ਉਸ ਉਪਰੰਤ ਜਿਸ ਕਿਸਮ ਦਾ ਵਹਾਅ 1990 ਤੋਂ ਬਾਅਦ ਚਲਿਆ ਉਸ ਨੇ ਤਾਂ ਇਕ ਵਾਰ ਫਿਰ ਦੁਨੀਆ ਨੂੰ ਨਵੇਂ ਸੁਪਨੇ ਦਿਖਾ ਕੇ ਨਵੇਂ ਰਾਹ ਦਿਖਾ ਕੇ ਇਕ ਅਜਿਹੇ ਪਾੜੇ ਵਾਲੇ ਸਮਾਜ ਵੱਲ ਧੱਕ ਦਿੱਤਾ ਹੈ। ਇਕੱਲਾ ਪੰਜਾਬ ਹੀ ਨਹੀਂ ਬਲਕਿ ਸਾਰੀ ਦੁਨੀਆ ਇਸ ਵੇਲੇ ਕਰੁਰਾ ਰਹੀ ਹੈ ਅਤੇ ਕਿਸੇ ਨਾ ਕਿਸੇ ਰੂਪ ਵਿਚ ਨਵਾਂ ਕੁਝ ਕਰਨ ਵੱਲ ਨੂੰ ਵੀ ਵੱਧ ਰਹੀ ਹੈ ਜਿਸ ਕਿਸਮ ਨਾਲ ਲਾਤੀਨੀ ਅਮਰੀਕਾ ਦੇ ਲੋਕਾਂ ਤੋਂ ਲੈ ਕੇ ਅਰਬ ਦੇ ਲੋਕਾਂ ਤੱਕ ਨੇ ਆਪਣੇ ਇਤਿਹਾਸ ਦਿਨ 'ਚ ਹੀ ਖੜ੍ਹੇ ਕਰ ਦਿਖਾਏ ਹਨ ਸ਼ਾਇਦ ਉਸ ਵੱਲ ਅਜੇ ਸਾਡੇ ਪੰਜਾਬੀਆਂ ਦੀ ਅੱਖ ਨਹੀਂ ਖੁੱਲ੍ਹੀ ਉਹ ਤਾਂ ਪਤਾ ਨਹੀਂ ਕਿਸ ਕਿਸਮ ਪੁਰਾਤਨਮਈ ਪਸ਼ੂ ਪ੍ਰਵਿਰਤੀ ਵਾਲੇ ਜੀਵਨ ਢੰਗ ਦਾ ਹਿੱਸਾ ਆਪਣੇ ਅੰਦਰ ਸਮੋਈ ਬੈਠੇ ਹਨ ਜਿਸ ਦਾ ਮਤਲਬ ਹੁੰਦਾ ਹੈ ਖਾਓ ਪੀਓ ਤੇ ਨੱਚੋ ਟੱਪੋ ਤੱਕ ਹੀ ਸੀਮਤ ਰਹਿਣਾ। ਇਸ ਨਾਲ ਚੰਦ ਪਲਾਂ ਲਈ ਤਾਂ ਖੁਸ਼ੀ ਮਿਲ ਸਕਦੀ ਹੈ ਪ੍ਰੰਤੂ ਲੰਬੇ ਸਮੇਂ ਲਈ ਕਿਸੇ ਕਿਸਮ ਦੀ ਕੋਈ ਖੁਸ਼ੀ ਨਹੀਂ ਮਿਲ ਸਕਦੀ। ਮੈਨੂੰ ਖੁਸ਼ ਕਿਸਮਤੀ ਜਾਂ ਬਦਕਿਸਮਤੀ ਨਾਲ ਪੰਜਾਬ ਦੇ ਕਈ ਹਿੱਸਿਆਂ ਵੱਲ ਵੀ ਗੁਜ਼ਰਨਾ ਪਿਆ। ਮੈਨੂੰ ਜਾਂ ਤਾਂ ਵੱਡੇ ਮੈਰਿਜ ਪੈਲੇਸ ਦਿਖਾਈ ਦੇ ਰਹੇ ਸਨ ਜਾਂ ਵੱਡੇ ਡੇਰੇ ਦਿਖਾਈ ਦੇ ਰਹੇ ਸਨ ਜਿਨ੍ਹਾਂ ਵਿਚ ਦੇਖਣ ਨੂੰ ਕੋਈ ਨਾ ਕੋਈ ਨਵਾਂਪਣ ਆਇਆ ਦਿਖਾਈ ਦਿੰਦਾ ਸੀ। ਪ੍ਰੰਤੂ ਮੇਰੇ ਕਿਰਤੀ, ਕਿਸਾਨ ਅਤੇ ਉਨ੍ਹਾਂ ਦੇ ਪੁੱਤਰ ਧੀਆਂ ਵਿਚ ਕਿਸੇ ਕਿਸਮ ਦਾ ਕੋਈ ਖੇੜਾ ਨਹੀਂ ਦਿਖਾਈ ਦਿੱਤਾ। ਜਿਨ੍ਹਾਂ ਨਾਲ ਵੀ ਮੈਂ ਗੱਲ ਕੀਤੀ ਉਹ ਸਿਰਫ਼ ਤੇ ਸਿਰਫ਼ ਨਿੱਜ ਤੱਕ ਹੀ ਸੁਘੜੇ ਮਹਿਸੂਸ ਦਿਖਾਈ ਦੇ ਰਹੇ ਸਨ ਜਾਂ ਕਿਤੇ ਕਾਰਪੋਰੇਟ ਘਰਾਣਿਆਂ ਵਲੋਂ ਉਨ੍ਹਾਂ ਦੀ ਸਭ ਤੋਂ ਪਿਆਰੀ ਮਿੱਟੀ ਨੂੰ ਨੋਟਾਂ ਵਿਚ ਬਦਲਣ ਵਾਲੀ ਕਹਾਣੀ ਸੁਣਾਈ ਜਾ ਰਹੀ ਸੀ। ਉਨ੍ਹਾਂ ਨੂੰ ਮੰਡੀ ਦਾ ਹਿੱਸਾ ਬਣਾਇਆ ਜਾ ਰਿਹਾ ਸੀ। ਉਂਝ ਤਾਂ ਮੇਰੇ ਪੰਜਾਬ ਦੇ ਕਈ ਪਿੰਡ ਹੁਣ ਕਦਰਾਂ ਕੀਮਤਾਂ ਦੇ ਪੱਧਰ 'ਤੇ ਸ਼ਹਿਰੀ ਕਿਸਮ ਦੀ ਮੰਡੀ ਵਾਲੀ ਕਦਰ ਕੀਮਤ ਨਾਲੋਂ ਕਿਸੇ ਵੀ ਤਰ੍ਹਾਂ ਨਾਲ ਭਿਨ ਨਹੀਂ ਹਨ। ਉਸੇ ਕਿਸਮ ਦੀ ਪਹਿਨਣ ਪਚਰਣ ਵਾਲੀ ਪ੍ਰਵਿਰਤੀ, ਉਸੇ ਕਿਸਮ ਦੀ ਮੰਡੀ ਵਾਲੀ ਬੁੱਧੀ, ਉਸੇ ਕਿਸਮ ਦੀ ਛੋਟੀ ਤੇ ਦਰਮਿਆਨੀ ਸੋਚ ਪਿੰਡ ਦਾ ਹਿੱਸਾ ਬਣ ਗਈ ਹੈ। ਮੈਨੂੰ ਇੰਝ ਜਾਪਿਆ ਕਿ ਦ੍ਰਿਸ਼ ਧੁੰਦਲਾ ਹੈ ਜਾਂ ਮੇਰੀ ਦ੍ਰਿਸ਼ਟੀ ਵਿਚ ਕੋਈ ਬਦਲਾਅ ਆ ਗਿਆ ਹੈ। ਮੈਂ ਫਿਰ ਸੋਚਿਆ ਕਿ ਮੈਂ ਵਿਦੇਸ਼ ਵਿਚ ਵੀ ਸਮਾਜਿਕ ਸਰੋਕਾਰਾਂ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਈ ਬੈਠਾ ਹਾਂ। ਸ਼ਾਇਦ ਇਹੀ ਮੇਰੀ ਇਥੇ ਆਉਣ ਦੀ ਪ੍ਰਾਪਤੀ ਹੈ। ਇਸ ਪ੍ਰਾਪਤੀ ਉਪਰ ਮੈਨੂੰ ਮਾਣ ਮਹਿਸੂਸ ਹੋਇਆ ਕਿ ਮੈਂ ਸਮਾਜਾਂ ਨੂੰ ਸਮਝਕੇ ਉਸ ਵਿਚ ਤਬਦੀਲੀ ਕਰਨ ਲਈ ਆਪਣੀ ਬੌਧਿਕ ਯੋਗਤਾ ਨੂੰ ਵਰਤਣ ਦੇ ਕਾਬਲ ਤਾਂ ਹਾਂ ਮੇਰੇ ਕਈ ਦੋਸਤ ਮਿੱਤਰ ਜਿਹੜਾ ਕਿਸੇ ਵੇਲੇ ਮੇਰੇ ਸੰਗੀ ਸਾਥੀ ਸਨ ਹੁਣ ਸ਼ਾਇਦ ਉਹ ਆਪਣੀਆਂ ਮਜਬੂਰੀਆਂ ਕਰਕੇ ਜਾਂ ਹਾਲਾਤਾਂ ਕਰਕੇ ਆਪਣੇ ਆਪ ਤੱਕ ਸੀਮਤ ਹੋ ਗਏ ਹਨ। ਇਹ ਸਵਾਲ ਸੋਚਦਾ ਮੈਂ ਆਪਣੇ ਵਤਨ ਤੋਂ ਬੇਵਤਨ ਹੋਇਆ ਮਹਿਸੂਸ ਕਰਦਾ ਆਪਣੇ ਨਵੇਂ ਰੈਣ ਬਸੇਰੇ ਵਿਚ ਪਹੁੰਚ ਗਿਆ।

ਰਜਿਸਟ੍ਰੇਸ਼ਨ ਨੰਬਰ 210836300

# ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ

## ਕੀ ਚਾਹੁੰਦਾ ਹੈ

ਸਾਡੀ ਦਿਲੀ ਇੱਛਾ ਹੈ ਕਿ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਜਿਸ ਕਿਸਮ ਨਾਲ ਸਮੁੱਚੀ ਮਨੁੱਖਤਾ ਦੇ ਵਿਕਾਸ ਮਾਡਲ ’ਤੇ ਸਵਾਲੀਆਚਿੰਨ੍ਹ ਲੱਗ ਗਏ ਹਨ ਉਨ੍ਹਾ ਸਵਾਲੀਆਚਿੰਨ੍ਹਾਂ ਦੀ ਨਿਸ਼ਾਨਦੇਹੀ ਕਰੀਏ ਅਤੇ ਹਰੇਕ ਸਵਾਲ ਦਾ ਸਹੀ ਜਵਾਬ ਲੱਭਣ ਲਈ ਬੌਧਿਕ ਪੱਧਰ ’ਤੇ ਆਪਣੇ ਆਪ ਨੂੰ ਤਿਆਰ ਕਰੀਏ ਅਤੇ ਧਰਤੀ ’ਤੇ ਮਨੁੱਖੀ ਕਿਰਤ ਰਾਹੀਂ ਵਿਕਸਿਤ ਹੋਈ ਹਰ ਕਿਸਮ ਦੀ ਚੰਗੀ ਸੋਝੀ, ਲਿਆਕਤ, ਗਿਆਨ ਅਤੇ ਤਕਨਾਲੋਜੀ ਨੂੰ ਆਪਣੇ ਪੱਖ ਵਿਚ ਵਰਤਣ ਲਈ ਕਾਰਜਸ਼ੀਲ ਹੋਈਏ ਅਤੇ ਆਪਣਾ ਇਤਿਹਾਸਕ ਫਰਜ਼ ਨਿਭਾਈਏ।ਇਸ ਕਿਸਮ ਦੀ ਸਮਝਦਾਰੀ ਅਜੋਕੇ ਸਮਿਆਂ ਵਿਚ ਹਰ ਇਕ ਤੋਂ ਹਰੇਕ ਸਥਾਨ ’ਤੇ ਕਾਰਜ ਕਰਨ ਦੀ ਮੰਗ ਕਰਦੀ ਹੈ।


**Pro-People Arts Project Media Group**

416-902-9372, 416-817-7142

416-895-4100 E-Mail : ppapmg@gmail.com

# Pro-People Arts Project Media Group

Pro-People Arts Project Media Group

"Shining a light on motives behind actions"

"To create self-awareness in our community so that we will elude obscurity, devote to unwavering symbolism, and become sponged into a society that benefits us as a whole.

'Demand identity' and we will become an effective futuristic society.

ਸਮਾਂ ਤੇ ਸਥਿਤੀਆਂ ਆਪਣੇ ਕਿਸਮ ਦੀਆਂ ਚੁਣੌਤੀਆਂ ਮਨੁੱਖ ਦੇ ਸਨਮੁੱਖ ਕਰਦੀਆਂ ਹਨ। ਸੰਵੇਦਨਸ਼ੀਲ ਮਨੁੱਖੀ ਮਨ ਤੇ ਨਜ਼ਰੀਆ ਅਜਿਹੀਆਂ ਚੁਣੌਤੀਆਂ ਨੂੰ ਪਾਰ ਕਰਨ ਦਾ ਜੇਰਾ ਕਰ ਲੈਂਦਾ ਹੈ ਜਿਸ ਦੀ ਸੋਝੀ ਵਿਚ ਇਤਿਹਾਸ ਦੇ ਸ਼ਾਨਦਾਰ ਪੰਨੇ ਦਰਜ ਹੁੰਦੇ ਹਨ। ਇਨ੍ਹਾਂ ਇਤਿਹਾਸਕ ਘਟਨਾਵਾਂ ਵਿਚੋਂ ਮਨੁੱਖ ਕਮਜ਼ੋਰ ਹੋਣ ਦੀ ਥਾਂ ਤਾਕਤਵਰ ਹੋ ਕੇ ਹੀ ਨਿਕਲਦਾ ਹੈ। ਕਿਉਂਕਿ ਮਨੁੱਖ ਹੀ ਅਜਿਹੀ ਸ਼ੈਅ ਹੈ ਜਿਸ ਵਿਚ ਆਲੇ ਦੁਆਲੇ ਨੂੰ ਸਮਝ ਕੇ ਤਬਦੀਲ ਕਰਨ ਦੀ ਜਾਚ ਹੁੰਦੀ ਹੈ ਅਤੇ ਸੁਪਨੇ ਸਾਕਾਰ ਕਰਨ ਦਾ ਬਲ ਹੁੰਦਾ ਹੈ। ਇਸੇ ਕਰਕੇ ਤਾਂ ਕਿਸੇ ਸ਼ਾਇਰ ਨੇ ਕਿਹਾ ਹੈ ਕਿ ਸੁਪਨੇ ਕਦੇ ਵੀ ਮਰਨੇ ਨਹੀਂ ਚਾਹੀਦੇ ਉਨ੍ਹਾਂ ਨੂੰ ਹਕੀਕਤ ਵਿਚ ਬਦਲਣ ਲਈ ਅਸੰਭਵ ਸਮਿਆਂ ਵਿਚ ਸੰਭਵ ਕਾਰਜ ਕਰਨੇ ਚਾਹੀਦੇ ਹਨ।